Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

FOR ADVERTISING IN CANADIAN PUNJABI POST CALL: 905-793-2202

Vol 19*Issue 69 Wednesday, April 15, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਨੌਰਦਰਨ ਕਮਿਊਨਿਟੀਜ਼ ਦੀ ਮਦਦ ਲਈ ਟਰੂਡੋ ਨੇ 130 ਮਿਲੀਅਨ ਡਾਲਰ ਦੇਣ ਦਾ ਕੀਤਾ ਵਾਅਦਾ



ਓਟਵਾ, 14 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਕਰੋਨਾਵਾਇਰਸ ਮਹਾਮਾਰੀ ਦੌਰਾਨ ਫੈਡਰਲ ਸਰਕਾਰ ਸਪਲਾਈ ਚੇਨ ਨੂੰ ਬਹਾਲ ਰੱਖਣ ਤੇ ਹੈਲਥ ਅਤੇ ਸੋਸ਼ਲ ਸਰਵਿਸ ਸਿਸਟਮਜ਼ ਨੂੰ ਮੇਨਟੇਨ ਕਰਨ ਲਈ ਉੱਤਰੀ ਕਮਿਊਨਿਟੀਜ਼ ਦੀ ਮਦਦ ਵਾਸਤੇ 130 ਮਿਲੀਅਨ ਡਾਲਰ ਖਰਚ ਕਰੇਗੀ।

ਟਰੂਡੋ ਨੇ ਆਖਿਆ ਕਿ ਜੇ ਕੋਵਿਡ-19 ਹੋਰ ਫੈਲਦਾ ਹੈ ਤਾਂ ਦੂਰ ਦਰਾਜ ਹੋਣ ਕਾਰਨ ਨੌਰਦਰਨ ਕਮਿਊਨਿਟੀਜ਼ ਵਧੇਰੇ ਕਮਜ਼ੋਰ ਮੰਨੀਆਂ ਜਾ ਰਹੀਆਂ ਹਨ ਤੇ ਇਸ ਦੀ ਚਪੇਟ ਵਿੱਚ ਸਹਿਜੇ ਆ ਸਕਦੀਆਂ ਹਨ। ਅਜੇ ਤੱਕ ਇਨ੍ਹਾਂ ਟੈਰੇਟਰੀਜ਼ ਵਿੱਚ ਕੋਵਿਡ-19 ਦੀ ਮਾਰ ਕਾਫੀ ਘੱਟ ਹੈ। ਯੂਕੌਨ ਵਿੱਚ ਕਰੋਨਾਵਾਇਰਸ ਦੇ ਅੱਠ ਮਾਮਲਿਆਂ ਦੀ ਪੁਸ਼ਟੀ ਹੋਈ ਹੈ ਜਦਕਿ ਨੌਰਥਵੈਸਟ ਟੈਰੇਟਰੀਜ਼ ਵਿੱਚ ਪੰਜ ਤੇ ਨੂਨਾਵਤ ਵਿੱਚ ਕੋਈ ਵੀ ਮਾਮਲਾ ਸਾਹਮਣੇ ਨਹੀਂ ਆਇਆ ਹੈ।

ਟਰੂਡੋ ਦਾ ਕਹਿਣਾ ਹੈ ਕਿ ਇਹ ਫੰਡ ਇਸੇ ਲਈ ਦਿੱਤੇ ਜਾ ਰਹੇ ਹਨ ਕਿ ਇਨ੍ਹਾਂ ਟੈਰੇਟਰੀਜ਼ ਨੂੰ ਵਿਲੱਖਣ ਕਿਸਮ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਫੰਡਾਂ ਨਾਲ ਇਨ੍ਹਾਂ ਕਮਿਊਨਿਟੀਜ਼ ਕੋਲ ਜੋ ਹੈ ਉਸ ਵਿੱਚ ਵਾਧਾ ਹੋ ਜਾਵੇਗਾ ਤੇ ਕੋਵਿਡ-19 ਏਡ ਪ੍ਰੋਗਰਾਮਜ਼ ਰਾਹੀਂ ਕਾਰੋਬਾਰਾਂ ਨੂੰ ਵੀ ਫਾਇਦਾ ਹੋਵੇਗਾ। ਹੈਲਥ ਤੇ ਸੋਸ਼ਲ ਸਰਵਿਸਿਜ਼ ਲਈ ਟੈਰੀਟੋਰੀਅਲ ਸਰਕਾਰਾਂ ਨੂੰ 72.6 ਮਿਲੀਅਨ ਡਾਲਰ ਦਿੱਤੇ ਜਾਣਗੇ, ਜਿਹੜੇ ਕਾਰੋਬਾਰ ਵੇਜ ਸਬਸਿਡੀ ਪ੍ਰੋਗਰਾਮਾਂ ਨਾਲ ਨਹੀਂ ਜੁੜੇ ਉਨ੍ਹਾਂ ਦੀ ਮਦਦ ਲਈ 15 ਮਿਲੀਅਨ ਡਾਲਰ ਦਿੱਤੇ ਜਾਣਗੇ।

ਇਸ ਤੋਂ ਇਲਾਵਾ ਫੂਡ, ਦਵਾਈ ਦੀ ਸਪਲਾਈ ਜਾਰੀ ਰੱਖਣ ਤੇ ਹੋਰ ਜ਼ਰੂਰੀ ਵਸਤਾਂ ਤੇ ਸੇਵਾਵਾਂ ਨੂੰ ਬਰਕਰਾਰ ਰੱਖਣ ਲਈ ਨੌਰਦਰਨ ਏਅਰ ਕੈਰੀਅਰਜ਼ ਦੀ ਸਬਸਿਡੀ ਵਾਸਤੇ 17.3 ਮਿਲੀਅਨ ਡਾਲਰ ਹੋਰ ਰਾਖਵੇਂ ਰੱਖੇ ਗਏ ਹਨ। 25 ਮਿਲੀਅਨ ਡਾਲਰ ਨਿਊਟਰੀਸ਼ਨ ਨੌਰਥ ਲਈ ਦਿੱਤਾ ਜਾਵੇਗਾ, ਜਿਸ ਨਾਲ ਦੂਰ ਦਰਾਜ਼ ਦੀਆਂ ਕਮਿਊਨਿਟੀਜ਼ ਵਿੱਚ ਖਾਣੇ ਦੀ ਵਾਧੂ ਕੀਮਤ ਨੂੰ ਦਰੁਸਤ ਕਰਨ ਵਿੱਚ ਮਦਦ ਮਿਲੇਗੀ।

## ਟਰੰਪ ਨੇ ਡਬਲਿਊਐਚਓ ਨੂੰ ਦਿੱਤੀ ਜਾਣ ਵਾਲੀ ਮਾਲੀ ਮਦਦ ਰੋਕੀ



ਵਾਸ਼ਿੰਗਟਨ, 14 ਅਪਰੈਲ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਿਊਐਚਓ) ਨੂੰ ਕੀਤੀ ਜਾਣ ਵਾਲੀ ਮਾਲੀ ਮਦਦ ਹਾਲ ਦੀ ਘੜੀ ਰੋਕ ਦਿੱਤੀ ਗਈ ਹੈ। ਟਰੰਪ ਨੇ ਆਖਿਆ ਕਿ ਉਨ੍ਹਾਂ ਵੱਲੋਂ ਕਰੋਨਾਵਾਇਰਸ ਤੇ ਚੀਨ ਬਾਰੇ ਦਿੱਤੀਆਂ ਗਈਆਂ ਚੇਤਾਵਨੀਆਂ ਸਬੰਧੀ ਮੁਲਾਂਕਣ ਪੈਂਡਿੰਗ ਹੋਣ ਕਾਰਨ ਇਹ ਫੈਸਲਾ ਲਿਆ ਗਿਆ ਹੈ।

ਮੰਗਲਵਾਰ ਨੂੰ ਵਾਈਟ ਹਾਊਸ ਵਿਖੇ ਨਿਊਜ਼ ਕਾਨਫਰੰਸ ਵਿੱਚ ਟਰੰਪ ਨੇ ਆਖਿਆ ਕਿ ਇਹ ਆਊਟਬ੍ਰੇਕ ਇਸ ਦੇ ਸਰੋਤ ਤੱਕ ਹੀ ਸੀਮਤ ਰੱਖੀ ਜਾ ਸਕਦੀ ਸੀ ਤੇ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਸਨ ਜੇ ਯੂਐਨ ਦੀ ਸਿਹਤ ਏਜੰਸੀ ਨੇ ਚੀਨ ਤੋਂ ਆ ਰਹੇ ਕੋਵਿਡ-19 ਮਾਮਲਿਆਂ ਦੀ ਜਾਂਚ ਲਈ ਬਿਹਤਰ ਕੰਮ ਕੀਤਾ ਹੁੰਦਾ।

ਉਨ੍ਹਾਂ ਆਖਿਆ ਕਿ ਪੂਰੀ ਦੁਨੀਆ ਸਿਹਤ ਸਬੰਧੀ ਚੇਤਾਵਨੀਆਂ ਸਮੇਂ ਸਿਰ ਲੋਕਾਂ ਤੱਕ ਪਹੁੰਚਾਉਣ ਲਈ ਅਤੇ ਸਹੀ ਜਾਣਕਾਰੀ ਵਾਸਤੇ ਡਬਲਿਊਐਚਓ ਉੱਤੇ ਹੀ ਟੇਕ ਰੱਖਦੀ ਹੈ। ਪਰ ਆਪਣੇ ਮੂਲ ਕੰਮ ਤੋਂ ਹੀ ਡਬਲਿਊਐਚਓ ਅਸਫਲ ਰਹੀ ਤੇ ਇਸੇ ਲਈ ਉਸ ਨੂੰ ਜਵਾਬਦੇਹ ਠਹਿਰਾਇਆ ਜਾਣਾ ਵੀ ਜਾਇਜ਼ ਹੈ। ਉਨ੍ਹਾਂ ਆਖਿਆ ਕਿ ਵਾਇਰਸ ਨੂੰ ਠੱਲ੍ਹ ਪਾਉਣ ਲਈ ਡਬਲਿਊਐਚਓ ਵੱਲੋਂ ਕੀ ਕੰਮ ਕੀਤਾ ਜਾ ਰਿਹਾ ਹੈ ਇਸ ਦਾ ਜਾਇਜ਼ਾ ਲੈਣ ਤੋਂ ਬਾਅਦ ਹੀ ਮਾਲੀ ਮਦਦ ਜਾਰੀ ਰੱਖਣ ਬਾਰੇ ਵਿਚਾਰ ਕੀਤਾ ਜਾਵੇਗਾ।

ਜਨੇਵਾ ਸਥਿਤ ਆਰਗੇਨਾਈਜ਼ੇਸ਼ਨ ਵੱਲੋਂ ਅਜੇ ਇਸ ਮਾਮਲੇ ਉੱਤੇ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ। ਪਰ ਮੰਗਲਵਾਰ ਨੂੰ ਡਬਲਿਊਐਚਓ ਦੀ ਤਰਜ਼ਮਾਨ ਮਾਰਗ੍ਰੈਟ ਹੈਰਿਸ ਨੇ ਆਖਿਆ ਕਿ ਕਿਸੇ ਵੀ ਹਾਲ ਵਿੱਚ ਅਸੀਂ ਆਪਣਾ ਕੰਮ ਕਰਦੇ ਰਹਾਂਗੇ।

## ਓਨਟਾਰੀਓ ਵਿੱਚ ਕਰੋਨਾ ਵਾਇਰਸ ਦੇ 483 ਨਵੇਂ ਮਾਮਲਿਆਂ ਦੀ ਹੋਈ ਪੁਸ਼ਟੀ

### 43 ਹੋਰ ਲੋਕ ਕੋਵਿਡ-19 ਦੀ ਭੇਟ ਚੜ੍ਹੇ



ਓਨਟਾਰੀਓ, 14 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਅੱਜ ਕਰੋਨਾਵਾਇਰਸ ਦੇ 483 ਨਵੇਂ ਮਾਮਲਿਆਂ ਦੀ ਪੁਸ਼ਟੀ ਕੀਤੀ ਗਈ। ਕੱਲ੍ਹ ਨਾਲੋਂ ਇਨ੍ਹਾਂ ਮਾਮਲਿਆਂ ਵਿੱਚ 6.5 ਫੀ ਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।

ਹੁਣ ਪ੍ਰੋਵਿੰਸ ਵਿੱਚ ਕਰੋਨਾਵਾਇਰਸ ਦੇ ਕੁੱਲ 7953 ਮਾਮਲੇ ਹੋ ਗਏ ਹਨ। ਕੋਵਿਡ-19 ਨਾਲ ਮਰਨ ਵਾਲਿਆਂ ਦੀ ਗਿਣਤੀ 43 ਰਹੀ। ਇਸ ਨਾਲ ਓਨਟਾਰੀਓ ਵਿੱਚ ਕੋਵਿਡ-19 ਕਾਰਨ ਹੁਣ ਤੱਕ ਹੋਈਆਂ ਮੌਤਾਂ ਦੀ ਕੁੱਲ ਗਿਣਤੀ 334 ਤੱਕ ਅੱਪੜ ਗਈ ਹੈ। ਕੋਵਿਡ-19 ਤੋਂ ਠੀਕ ਹੋਣ ਵਾਲਿਆਂ ਦਾ ਅੰਕੜਾ 3357 ਤੋਂ 3568 ਤੱਕ ਪਹੁੰਚ ਗਿਆ ਹੈ। ਹਸਪਤਾਲਾਂ ਵਿੱਚ ਦਾਖਲ ਮਰੀਜ਼ਾਂ ਦੀ ਗਿਣਤੀ ਵਿੱਚ ਵੀ 769 ਨਾਲ ਵਾਧਾ ਹੋਇਆ ਹੈ ਪਰ ਇੰਟੈਂਸਿਵ ਕੇਅਰ ਤੇ ਵੈਂਟੀਲੇਟਰਜ਼ ਉੱਤੇ ਰਹਿਣ ਵਾਲੇ ਮਰੀਜ਼ਾਂ ਦੀ ਗਿਣਤੀ ਸਥਿਰ ਹੈ। ਆਈਸੀਯੂ ਵਿੱਚ 255 ਲੋਕ ਹਨ ਤੇ 199 ਵੈਂਟੀਲੇਟਰਜ਼ ਉੱਤੇ ਹਨ। ਕੋਵਿਡ-19 ਕਾਰਨ ਲਾਂਗ ਟਰਮ ਕੇਅਰ ਹੋਮਜ਼ ਨੂੰ ਵੱਡੀ ਮਾਰ ਪਈ ਹੈ। ਪ੍ਰੋਵਿੰਸ ਵਿੱਚ ਕੇਅਰ ਹੋਮਜ਼ ਵਿੱਚ ਹੋਈਆਂ ਆਊਟਬ੍ਰੇਕਸ ਕਾਰਨ ਮਰਨ ਵਾਲਿਆਂ ਦੀ ਗਿਣਤੀ ਇੱਕ ਤਿਹਾਈ ਤੋਂ ਵੀ ਜ਼ਿਆਦਾ ਹੈ। ਕੇਅਰ ਹੋਮਜ਼ ਵਿੱਚ 136 ਲੋਕ ਮਰ ਚੁੱਕੇ ਹਨ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

You can Place Your Business Here (905)793-2202 To Reach Wider Audience

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.0000
900 Raylawson Blvd. Unit # 6, Brampton

Mortgage! We Will Beat Any Rate !!!
Purchase || Refinance || Major Banks / Credit Unions || Private Lenders || Second Mortgages-Lowest 6.99 %
The Mortgage Centre | Avon Financial Inc.
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

HELPING YOU PLAN TODAY...FOR TOMORROW
• Supervisa / Visitor Insurance
• Life / Mortgage/Funeral Insurance
• Disability Insurance
• Critical Illness Insurance
• RESP / RRSP
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Tel: 905-913-2355 Fax: 905-913-2344
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278 PRABHJOT KAUR
77-100 Maritime Ontario Blvd.,Brampton, ON L6S 0E7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

A1 RENOVATIONS
Commercial & Residential Renovations
**Professional, Reliable & Experienced**
Services: Painting, Drywalls, Plumbing, Electrical, Flooring
Complete Basement Renovation, Kitchen & Washrooms, Concrete Services (Driveways & Sidewalks)
5-10% DISCOUNT
Note: Complete basement (passed by city) Certified Gas Technician
Call Bobby Mann today !! 647-407-9595 a1floor_2000@hotmail.com
*Some condition apply

DHINDSA LAW
Barrister, Solicitor & Notary Public
Criminal and Family Law
Immigration
Real Estate
Wills, Affidavits & Notarizations
Special Discount For Student & Senior Citizens
NAVDEEP DHINDSA
LOCATIONS: 10510 Torbram Rd Unit-J1, Brampton L6R 3N9 (Torbram & Sandalwood)
Cell: 437 998 1429
330 Highway 7 E, Suite 309, Richmond Hill- L4B 3P8

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
Jaswant Sehmbi: 647.524.0885




# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ 25x100ft lot
✓ Individual Yard & Driveway
✓ Finished Basement

| 40k Deposit Structure | |
|---|---|
| | $10,000 Submitted with offer |
| | $10,000 Submitted 90 days after Offer Date |
| | $20,000 Submitted 150 days after Offer Date |

Jagdish Grewal
Sales Representative



Residential | Commercial | Investment

(416) 970-5005

Office: 905-488-2100
Ext. 348

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਕੋਰਟ ਪਾਕਿ ਦੀ ਪਈ ਇਮਰਾਨ ਖਾਂ ਨੂੰ,
ਵਧਦਾ ਜਾਂਦਾ ਕੋਰੋਨਾ ਦਾ ਮਰਜ਼ ਮੀਆਂ।
ਕਰਦੀ ਪਈ ਸਰਕਾਰ ਹੈ ਦਵਾ ਕਿਹੜੀ,
ਕਿਹੜਾ ਕੀਤੜਾ ਕੰਮ ਅਸਚਰਜ ਮੀਆਂ।
ਜਿਹੜੇ-ਜਿਹੜੇ ਵੀ ਗਏ ਨੇ ਕੰਮ ਕੀਤੇ,
ਅਗਲੀ ਵਾਰ ਆ ਕੇ ਕਰੋ ਦਰਜ ਮੀਆਂ।
ਮਰਦੇ ਲੋਕਾਂ ਦੇ ਵੰਨੀਂ ਨਹੀਂ ਵੇਖ ਰਹੇ ਹੋ,
ਚੇਤੇ ਆਂਵਦਾ ਕਿਉਂ ਨਹੀਂ ਫਰਜ਼ ਮੀਆਂ।
ਦੰਦਲ ਪੈ ਗਈ ਇਮਰਾਨ ਦੇ ਚੇਲਿਆਂ ਨੂੰ,
ਸੁੱਝਿਆ ਓਥੇ ਨਹੀਂ ਕੋਈ ਜਵਾਬ ਮੀਆਂ।
ਝਿੜਕਾਂ ਖਾਂਦੇ ਨੇ ਅਫਸਰ ਤਾਂ ਖਾਣ ਦੇਵੋ,
ਟੁੱਟ ਰਿਹਾ ਖਾਨ ਦਾ ਨਹੀਂ ਖਵਾਬ ਮੀਆਂ।

**ਤੀਸ ਮਾਰ ਖਾਂ**

# ਭਾਰਤ ਵਿੱਚ ਲਾਕਡਾਊਨ 3 ਮਈ ਤਕ ਵਧਾ ਦਿੱਤਾ ਗਿਆ

*** ਮੋਦੀ ਵੱਲੋਂ ਕੁਝ ਖੇਤਰਾਂ ਵਿੱਚ 20 ਅਪ੍ਰੈਲ ਤੋਂ ਛੋਟ ਦੇ ਸੰਕੇਤ * ਮੁੰਬਈ ਵਿੱਚ ਹਜ਼ਾਰਾਂ ਮਜ਼ਦੂਰ ਬਾਂਦਰਾ ਸਟੇਸ਼ਨ ਉੱਤੇ ਆਣ ਪੁੱਜੇ**

ਨਵੀਂ ਦਿੱਲੀ, 14 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਨੂੰ ਰੋਕਣ ਲਈ ਭਾਰਤ ਵਿੱਚ ਲਾਇਆ ਗਿਆ ਲਾਕਡਾਊਨ 3 ਮਈ ਤੱਕ ਵਧਾ ਦਿੱਤਾ ਗਿਆ ਹੈ, ਪਰ ਪ੍ਰਧਾਨ ਮੰਤਰੀ ਨੇ 20 ਅਪਰੈਲ ਤੋਂ ਕੁਝ ਖੇਤਰਾਂ ਨੂੰ ਇਸ ਦੌਰਾਨ ਕੁਝ ਛੋਟਾਂ ਦੇਣ ਦਾ ਸੰਕੇਤ ਵੀ ਇਸ ਦੇ ਨਾਲ ਹੀ ਦੇ ਦਿੱਤਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਮੰਗਲਵਾਰ ਸਵੇਰੇ ਦੇਸ਼ ਵਾਸੀਆਂ ਦੇ ਨਾਂ ਆਪਣੇ ਸੰਬੋਧਨ ਦੌਰਾਨ 3 ਮਈ ਤਕ ਭਾਰਤ ਵਿੱਚ ਲਾਕਡਾਊਨ ਜਾਰੀ ਰੱਖਣ ਦਾ ਐਲਾਨ ਕਰ ਕੇ ਕਿਹਾ ਕਿ ਮਹਾਮਾਰੀ ਨੂੰ ਕਾਬੂ ਕਰਨ ਵਿੱਚ ਭਾਰਤ ਸਫ਼ਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਕਿਸੇ ਨੂੰ ਖਾਣੇ ਦੀ ਅਤੇ ਕਿਸੇ ਨੂੰ ਆਉਣ-ਜਾਣ ਦੀ ਤੰਗੀ, ਕੋਈ ਘਰ-ਪਰਿਵਾਰ ਤੋਂ ਦੂਰ ਰਿਹਾ, ਪਰ ਭਾਰਤੀ ਲੋਕ ਇਕ ਅਨੁਸ਼ਾਸਿਤ ਸਿਪਾਹੀ ਵਾਂਗ ਫਰਜ਼ ਨਿਭਾ ਰਹੇ ਹਨ। ਬਾਬਾ ਸਾਹਿਬ ਅੰਬੇਡਕਰ ਨੂੰ ਯਾਦ ਕਰ ਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾ ਦਾ ਜੀਵਨ ਹਰ ਚੁਣੌਤੀ ਨੂੰ ਸੰਕਲਪ ਸ਼ਕਤੀ ਅਤੇ ਮਿਹਨਤ ਨਾਲ ਪਾਰ ਕਰਨ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾ ਕਿਹਾ ਕਿ ਅੱਜ ਦੇਸ਼ ਵਿਚ ਕੋਰੋਨਾ ਦੀ ਸਥਿਤੀ ਤੋਂ ਤੇ ਭਾਰਤ ਵੱਲੋਂ ਇਸ ਨੂੰ ਰੋਕਣ ਦੇ ਯਤਨਾਂ ਤੋਂ ਦੁਨੀਆ ਭਰ ਦੇ ਲੋਕ ਜਾਣੂ ਹਨ। ਜਦੋਂ ਏਥੇ ਇਕ ਵੀ ਕੇਸ ਨਹੀਂ ਸੀ, ਉਸ ਤੋਂ ਪਹਿਲਾਂ ਕੋਰੋਨਾ ਪ੍ਰਭਾਵਤ ਦੇਸ਼ਾਂ ਤੋਂ



ਆਉਣ ਵਾਲੇ ਲੋਕਾਂ ਦੀ ਭਾਰਤ ਵਿੱਚ ਸਕ੍ਰੀਨਿੰਗ ਜ਼ਰੂਰੀ ਕਰ ਦਿੱਤੀ ਗਈ ਸੀ ਤੇ ਮਾਲ, ਸਿਨੇਮਾ ਬੰਦ ਕਰ ਦਿੱਤੇ ਸਨ। ਜਦੋਂ ਏਥੇ ਸਿਰਫ਼ ਪੰਜ ਕੇਸ ਸਨ, ਭਾਰਤ ਨੇ 21 ਦਿਨਾਂ ਦਾ ਲਾਕਡਾਊਨ ਕਰ ਦਿੱਤਾ ਸੀ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਇਨ੍ਹਾਂ ਕਦਮਾਂ ਦਾ ਅਸਰ ਵੇਖਦੇ ਹੋਏ ਭਾਰਤ ਵਿੱਚ ਲਾਕਡਾਊਨ 3 ਮਈ 2020 ਤਕ ਵਧਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਗਲੇ ਹਫ਼ਤੇ ਵਿੱਚ ਕੋਰੋਨਾ ਖ਼ਿਲਾਫ਼ ਲੜਾਈ ਵਿੱਚ ਸਖ਼ਤੀ ਹੋਰ ਵਧਾਈ ਜਾਵੇਗੀ ਤੇ 20 ਅਪ੍ਰੈਲ ਤਕ ਹਰ ਕਸਬੇ, ਹਰ ਜ਼ਿਲ੍ਹੇ, ਹਰ ਸੂਬੇ ਨੂੰ ਪਰਖਿਆ ਜਾਵੇਗਾ ਕਿ ਓਥੇ ਲਾਕਡਾਊਨ ਦੀ ਕਿੰਨੀ ਪਾਲਣਾ ਹੋ ਰਹੀ ਹੈ। ਮੋਦੀ ਨੇ ਕਿਹਾ ਕਿ ਲਾਕਡਾਊਨ ਦੌਰਾਨ ਜਿਹੜੇ ਇਲਾਕੇ ਇਸ ਪ੍ਰੀਖਿਆ ਵਿੱਚ ਸਫ਼ਲ ਹੋਏ, ਜਿਹੜੇ ਹਾਟ ਸਪਾਟ ਨਹੀਂ ਬਣਨਗੇ ਅਤੇ ਜਿਨ੍ਹਾਂ ਦੇ ਹਾਟ ਸਪਾਟ ਬਣਨ ਦਾ ਡਰ ਘੱਟ ਹੋਵੇਗਾ, ਓਥੇ 20 ਅਪ੍ਰੈਲ ਤੋਂ ਕੁਝ ਜ਼ਰੂਰੀ ਕੰਮਾਂ ਲਈ ਆਗਿਆ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਕ ਵੀ ਮਰੀਜ਼ ਦੇ ਵਧਣ ਦੀ ਚਿੰਤਾ ਹੋਣੀ ਚਾਹੀਦੀ ਹੈ।

ਇਸ ਦੌਰਾਨ ਅੱਜ ਰੇਲ ਗੱਡੀਆਂ ਚੱਲਣ ਦੀ ਅਫਵਾਹ ਕਾਰਨ ਮੁੰਬਈ ਦੇ ਬਾਂਦਰਾ ਸਟੇਸ਼ਨ ਉੱਤੇ ਸੈਂਕੜੇ ਮਜ਼ਦੂਰ ਇਕੱਠੇ ਹੋ ਗਏ ਅਤੇ ਪ੍ਰਦਰਸ਼ਨ ਕਰਨ ਲੱਗੇ। ਇੰਨੇ ਲੋਕਾਂ ਦੇ ਸੜਕਾਂ ਉੱਤੇ ਆਉਣ ਨਾਲ ਬਿਮਾਰੀ ਫੈਲਣ ਦਾ ਖ਼ਤਰਾ ਵਧ ਗਿਆ ਵੇਖ ਕੇ ਸਰਕਾਰ ਹਰਕਤ ਵਿਚ ਆਈ। ਇਹ ਲੋਕ ਖਾਣ ਦੀ ਸਮੱਸਿਆ ਦੱਸ ਕੇ ਘਰ ਨੂੰ ਭੇਜਣ ਦੀ ਮੰਗ ਕਰ ਰਹੇ ਹਨ। ਮਜ਼ਦੂਰਾਂ ਦੀ ਇਸ ਭੀੜ ਨੂੰ ਹਟਾਉਣ ਲਈ ਪੁਲਿਸ ਨੂੰ ਲਾਠੀਚਾਰਜ ਕਰਨਾ ਪਿਆ।

## ਵਿਦੇਸ਼ ਤੋਂ ਆਏ ਹਜ਼ਾਰਾਂ ਲੋਕਾਂ ਦੇ ਦੱਸੇ ਹੋਏ ਪਤੇ ਗਲਤ ਨਿਕਲੇ, ਕਾਰਵਾਈ ਹੋਵੇਗੀ

ਚੰਡੀਗੜ੍ਹ, 14 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਦੀ ਮਾਰ ਦੌਰਾਨ ਵਿਦੇਸ਼ ਤੋਂ ਭਾਰਤ ਆਏ ਹਜ਼ਾਰਾਂ ਲੋਕਾਂ ਨੇ ਆਪਣੇ ਬਾਰੇ ਸਾਰੀ ਜਾਣਕਾਰੀ ਠੀਕ ਨਹੀਂ ਦਿੱਤੀ। ਇਮੀਗ੍ਰੇਸ਼ਨ ਬਿਊਰੋ ਦੇ ਕੋਲ ਕਿਸੇ ਨੇ ਆਧਾਰ ਕਾਰਡ ਨੰਬਰ ਗਲਤ ਦੱਸਿਆ ਤੇ ਕਿਸੇ ਨੇ ਪਾਸਪੋਰਟ ਨੰਬਰ ਗਲਤ ਲਿਖਿਆ ਹੈ, ਜਿਸ ਕਾਰਨ ਪੁਲਿਸ ਨੂੰ ਉਨ੍ਹਾਂ ਨੂੰ ਲੱਭਣ ਵਿੱਚ ਮੁਸ਼ਕਲ ਆ ਰਹੀ ਹੈ। ਹਰਿਆਣਾ ਅਤੇ ਪੰਜਾਬ ਵਿੱਚ ਇਹੋ ਜਿਹੇ ਚੋਖੇ ਕੇਸ ਨਿਕਲ ਰਹੇ ਹਨ। ਚੰਡੀਗੜ੍ਹ ਦੇ ਰੀਜਨਲ ਪਾਸਪੋਰਟ ਦਫਤਰ ਵਿੱਚ ਪੰਜਾਬ ਅਤੇ ਹਰਿਆਣਾ ਦੋਵਾਂ ਰਾਜਾਂ ਦੀ ਪੁਲਿਸ ਉਨ੍ਹਾਂ ਲੋਕਾਂ ਦੇ ਰਿਕਾਰਡ ਦੀ ਜਾਂਚ ਕਰ ਰਹੀ ਹੈ, ਜਿਨ੍ਹਾਂ ਨੇ ਗਲਤ ਜਾਣਕਾਰੀ ਦਿੱਤੀ ਹੋਈ ਹੈ। ਪਤਾ ਲੱਗਾ ਹੈ ਕਿ ਇਨ੍ਹਾਂ ਲੋਕਾਂ ਉੱਤੇ ਕੇਸ ਦਰਜ ਕੀਤੇ ਜਾਣਗੇ ਤੇ ਬਾਅਦ ਵਿੱਚ ਉਨ੍ਹਾਂ ਦੇ ਪਾਸਪੋਰਟ ਰੱਦ ਕੀਤੇ ਜਾ ਸਕਦੇ ਹਨ। ਦੋ ਦਰਜਨ ਤੋਂ ਵੱਧ ਏਦਾਂ ਦੇ ਕੇਸਾਂ ਦੀ ਜਾਂਚ ਲਈ ਪੁਲਿਸ ਰੋਜ਼ ਪਾਸਪੋਰਟ ਦਫਤਰ ਜਾ ਰਹੀ ਹੈ। ਇਨ੍ਹਾਂ ਵਿੱਚ ਔਰਤਾਂ ਅਤੇ ਬੱਚੇ ਵੀ ਹਨ। ਪੰਜਾਬ-ਹਰਿਆਣਾ ਵਿੱਚ ਏਦਾਂ ਦੇ ਕੇਸਾਂ ਦੀ ਗਿਣਤੀ ਹਜ਼ਾਰਾਂ ਵਿੱਚ ਸੁਣੀ ਗਈ ਹੈ। ਵਿਦੇਸ਼ ਤੋਂ ਭਾਰਤ ਆਉਣ ਦੇ ਬਾਅਦ ਜਾਂਚ ਤੋਂ ਬਚਣ ਲਈ ਬਹੁਤ ਸਾਰੇ ਲੋਕਾਂ ਨੇ ਆਪਣਾ ਪਤਾ, ਪਾਸਪੋਰਟ ਨੰਬਰ ਅਤੇ ਆਧਾਰ ਕਾਰਡ ਨੰਬਰ ਗਲਤ ਦੱਸਿਆ ਹੋਇਆ ਹੈ। ਰੀਜਨਲ ਪਾਸਪੋਰਟ ਅਫਸਰ ਦੇ ਦੱਸਣ ਮੁਤਾਬਕ ਪਾਸਪੋਰਟ ਦਫਤਰ ਨੇ ਇਸ ਕਿਸਮ ਦੇ ਕਰੀਬ 7000 ਕੇਸਾਂ ਦੀ ਜਾਂਚ ਕੀਤੀ ਗਈ ਹੈ ਅਤੇ ਇਹ ਅੰਕੜਾ ਵਧ ਵੀ ਸਕਦਾ ਹੈ।

## ਭਾਰਤ ਵਿੱਚ ਇੱਕੋ ਦਿਨ ਕੋਰੋਨਾ ਨਾਲ 29 ਮੌਤਾਂ, ਨਵੇਂ ਕੇਸਾਂ ਵਿੱਚ ਰਿਕਾਰਡ ਵਾਧਾ

ਨਵੀਂ ਦਿੱਲੀ, 14 ਅਪਰੈਲ, (ਪੋਸਟ ਬਿਊਰੋ)- ਭਾਰਤ ਸਰਕਾਰ ਦੀਆਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਕੋਰੋਨਾ ਦੇ ਪਸਾਰੇ ਨੂੰ ਰੋਕ ਨਹੀਂ ਲੱਗ ਰਹੀ। ਮਹਾਰਾਸ਼ਟਰ ਤੇ ਦਿੱਲੀ ਵਿਚ ਤੇਜ਼ੀ ਨਾਲ ਇਸ ਦੀ ਇਨਫੈਕਸ਼ਨ ਦੇ ਕੇਸ ਵਧੀ ਜਾ ਰਹੇ ਹਨ। ਅੱਜ ਮੰਗਲਵਾਰ ਨੂੰ ਭਾਰਤ ਵਿੱਚ ਕੋਰੋਨਾ ਦੇ ਨਵੇਂ ਕੇਸਾਂ ਵਿੱਚ ਰਿਕਾਰਡ ਵਾਧਾ ਹੋਇਆ ਹੈ।

ਕੇਂਦਰੀ ਸਿਹਤ ਮੰਤਰਾਲੇ ਮੁਤਾਬਕ ਸੋਮਵਾਰ ਸ਼ਾਮ ਤੋਂ ਮੰਗਲਵਾਰ ਸ਼ਾਮ ਤਕ ਭਾਰਤ ਵਿੱਚ ਕੋਰੋਨਾ ਨਾਲ ਪ੍ਰਭਾਵਤ ਹੋਣ ਦੇ 1,463 ਨਵੇਂ ਕੇਸ ਪਤਾ ਲੱਗੇ ਅਤੇ ਇਸ ਦੌਰਾਨ 29 ਲੋਕਾਂ ਦੀ ਮੌਤ ਹੋਈ ਹੈ। ਇਨ੍ਹਾਂ ਨੂੰ ਮਿਲਾ ਕੇ ਭਾਰਤ ਵਿੱਚ ਅੱਜ ਸ਼ਾਮ ਤੱਕ ਕੁੱਲ 353 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦ ਕਿ 10,815 ਕੁੱਲ ਕੇਸ ਹੋਏ ਹਨ।

ਮਹਾਰਾਸ਼ਟਰ ਵਿੱਚ ਇਸ ਬਿਮਾਰੀ ਨਾਲ ਮੰਗਲਵਾਰ ਸ਼ਾਮ ਤਕ 2337 ਲੋਕ ਪ੍ਰਭਾਵਤ ਹੋਏ ਅਤੇ 160 ਲੋਕ ਮਾਰੇ ਜਾ ਚੁੱਕੇ ਹਨ। ਦੂਸਰੇ ਸਭ ਤੋਂ ਵੱਧ ਪ੍ਰਭਾਵਤ



ਰਾਜ ਦਿੱਲੀ ਵਿੱਚ 1510 ਕੇਸ ਅਤੇ 28 ਮੌਤਾਂ ਦੀ ਖਬਰ ਹੈ। ਮੱਧ ਪ੍ਰਦੇਸ਼ ਵਿੱਚ ਕੇਸ ਭਾਵੇਂ 730 ਹਨ, ਪਰ ਮੌਤਾਂ ਦੀ ਗਿਣਤੀ 50 ਹੋ ਚੱਕੀ ਹੈ। ਤਾਮਿਲ ਨਾਡੂ ਵਿੱਚ 1173 ਕੇਸ ਤੇ 11 ਲੋਕਾਂ ਦੀ ਮੌਤ ਹੋਈ ਹੈ। ਗੁਜਰਾਤ ਵਿੱਚ ਕੇਸ 617 ਹਨ, ਪਰ ਮੌਤਾਂ ਦੀ ਗਿਣਤੀ 26 ਹੋ ਚੁੱਕੀ ਹੈ। ਰਾਜਸਥਾਨ ਵਿੱਚ ਕੇਸ 879 ਤੇ ਮੌਤਾਂ ਦੀ ਗਿਣਤੀ ਹਾਲੇ ਤੱਕ ਸਿਰਫ 3 ਹੈ। ਉੱਤਰ ਪ੍ਰਦੇਸ਼ ਵਿੱਚ 657 ਕੇਸ ਅਤੇ ਮੌਤਾਂ ਦੀ ਗਿਣਤੀ ਅਜੇ ਤੱਕ ਸਿਰਫ 5 ਹੈ, ਜਦ ਕਿ ਤੇਲੰਗਾਨਾ ਵਿੱਚ ਕੇਸਾਂ ਦੀ ਗਿਣਤੀ 624, ਪਰ ਮੌਤਾਂ ਦੀ ਗਿਣਤੀ 17 ਹੋਣ ਦੀ ਖਬਰ ਹੈ।

ਇਸ ਦੌਰਾਨ ਗੁਜਰਾਤ ਵਿੱਚ ਇੱਕ ਵਿਧਾਇਕ ਦੇ ਕੋਰੋਨਾ ਪਾਜ਼ਿਟਿਵ ਹੋਣ ਦੀ ਖਬਰ ਹੈ, ਪਰ ਪਿਛਲੇ ਦਿਨੀਂ ਉਹ ਰਾਜ ਦੇ ਮੁੱਖ ਮੰਤਰੀ ਵਿਜੇ ਰੁਪਾਣੀ ਸਮੇਤ ਕਈ ਲੋਕਾਂ ਨੂੰ ਮਿਲ ਚੁੱਕਾ ਹੋਣ ਕਾਰਨ ਮੁੱਖ ਮੰਤਰੀ ਦਾ ਵੀ ਕੋਰੋਨਾ ਦਾ ਟੈੱਸਟ ਕਰਵਾਏ ਜਾਣ ਦੀ ਲੋੜ ਪੈ ਗਈ ਹੈ। ਕਈ ਹੋਰ ਲੋਕ ਵੀ ਸ਼ੱਕ ਦੇ ਘੇਰੇ ਵਿੱਚ ਹਨ।

## ਪੰਜਾਬ ਵਿੱਚ ਕੋਰੋਨਾ ਦੇ 8 ਹੋਰ ਪਾਜ਼ੇਟਿਵ ਕੇਸ ਮਿਲਣ ਨਾਲ ਕੁੱਲ ਗਿਣਤੀ 184 ਨੂੰ ਪਹੁੰਚੀ

*** ਕਰਫਿਊ ਵਿੱਚ 3 ਮਈ ਤੱਕ ਵਾਧਾ ਕਰ ਦਿੱਤਾ ਗਿਆ**

ਜਲੰਧਰ, 14 ਅਪਰੈਲ, (ਪੋਸਟ ਬਿਊਰੋ)- ਅੱਜ ਮੰਗਲਵਾਰ ਨੂੰ ਪੰਜਾਬ ਵਿੱਚ ਕੋਰੋਨਾ ਵਾਇਰਸ ਦੇ 8 ਨਵੇਂ ਕੇਸ ਮਿਲਣ ਨਾਲ ਇਸ ਰਾਜ ਵਿੱਚ ਕੁੱਲ ਕੇਸਾਂ ਦੀ ਗਿਣਤੀ 184 ਹੋ ਗਈ ਹੈ। ਨਵੇਂ ਆਏ ਕੇਸਾਂ ਵਿੱਚੋਂ 4 ਪਠਾਨਕੋਟ, 2 ਮੋਹਾਲੀ ਅਤੇ ਇਕ-ਇੱਕ ਕੇਸ ਜਲੰਧਰ ਅਤੇ ਗੁਰਦਾਸਪੁਰ ਤੋਂ ਆਏ ਦੱਸੇ ਗਏ ਹਨ।

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਵਿੱਚ ਲਾਗੂ ਕੀਤੇ ਕਰਫਿਊ ਦੀ ਮਿਆਦ ਅਗਲੀ 3 ਮਈ ਤੱਕ ਵਧਾ ਦਿੱਤੀ ਹੈ। ਇਹ ਵਾਧਾ ਪ੍ਰਧਾਨ ਮੰਤਰੀ ਵੱਲੋਂ ਸਾਰੇ ਭਾਰਤ ਵਿੱਚ ਲਾਗੂ ਕੀਤੇ ਲਾਕਡਾਊਨ ਵਿੱਚ 3 ਮਈ ਤੱਕ ਦਾ ਵਾਧਾ ਕਰ ਦੇਣ ਦੇ ਐਲਾਨ ਦੇ ਬਾਅਦ ਕੀਤਾ ਗਿਆ ਹੈ।

ਰਾਜ ਦੇ ਸਿਹਤ ਵਿਭਾਗ ਵੱਲੋਂ ਜਾਰੀ ਕੀਤੇ ਪ੍ਰੈੱਸ ਨੋਟ ਅਨੁਸਾਰ ਪੰਜਾਬ ਵਿੱਚ



ਕੁੱਲ 4844 ਸ਼ੱਕੀ ਕੇਸਾਂ ਦੀ ਜਾਂਚ ਲਈ ਸੈਂਪਲ ਭੇਜੇ ਸਨ, ਇਨ੍ਹਾਂ ਵਿੱਚੋਂ 4047 ਕੇਸ ਨੈਗੇਟਿਵ ਨਿਕਲੇ ਅਤੇ 144 ਕੇਸ ਅਜੇ ਐਕਟਿਵ ਹਨ। ਇਸ ਦੌਰਾਨ 27 ਮਰੀਜ਼ ਠੀਕ ਹੋਏ ਅਤੇ 613 ਮਰੀਜ਼ਾਂ ਦੀਆਂ ਰਿਪੋਰਟਾਂ ਦੀ ਉਡੀਕ ਹੈ। ਕੋਰੋਨਾ ਨਾਲ ਮਰਨ ਵਾਲੇ ਲੋਕਾਂ ਦੀ ਗਿਣਤੀ ਪੰਜਾਬ ਵਿੱਚ 13 ਹੋ ਚੁੱਕੀ ਹੈ। ਮੰਗਲਵਾਰ ਸ਼ਾਮ ਤੱਕ ਜ਼ਿਲਾ ਮੋਹਾਲੀ ਵਿੱਚ ਕੁੱਲ 56 ਕੇਸਾਂ ਤੇ 2 ਮੌਤਾਂ ਦੀ ਖਬਰ ਮਿਲੀ ਹੈ। ਜਲੰਧਰ ਵਿੱਚ 25 ਕੇਸ, 2 ਮੌਤਾਂ, ਪਠਾਨਕੋਟ 22 ਕੇਸ 1 ਮੌਤ, ਨਵਾਂਸ਼ਹਿਰ ਜ਼ਿਲੇ ਦੇ 19 ਕੇਸ 1 ਮੌਤ, ਅੰਮ੍ਰਿਤਸਰ ਵਿੱਚ 11 ਕੇਸ 2 ਮੌਤਾਂ, ਲੁਧਿਆਣਾ ਵਿੱਚ 11 ਕੇਸ 2 ਮੌਤਾਂ, ਮਾਨਸਾ ਵਿੱਚ 11 ਕੇਸ, ਹੁਸ਼ਿਆਰਪੁਰ 7 ਕੇਸ ਤੇ 1 ਮੌਤ, ਮੋਗਾ ਵਿੱਚ 4 ਕੇਸ, ਫ਼ਰੀਦਕੋਟ ਵਿੱਚ 3 ਕੇਸ, ਰੋਪੜ ਵਿੱਚ 3 ਕੇਸ 1 ਮੌਤ, ਬਰਨਾਲਾ ਵਿੱਚ 2 ਕੇਸ 1 ਮੌਤ, ਫਤਹਿਗੜ੍ਹ ਸਾਹਿਬ, ਕਪੂਰਥਲਾ, ਪਟਿਆਲਾ ਤੇ ਸੰਗਰੂਰ ਵਿੱਚ 2-2 ਕੇਸ ਅਤੇ ਮੁਕਤਸਰ ਅਤੇ ਗੁਰਦਾਸਪੁਰ ਵਿੱਚ 1-1 ਕੇਸ ਪਤਾ ਲੱਗਾ ਹੈ, ਪਰ ਜਾਨੀ ਨੁਕਸਾਨ ਤੋਂ ਬਚਾਅ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
Lic#10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੁੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
DEBT CONSOLIDATION • HOME EQUITY LOANS • HOME RENOVATION
WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਅਮਰੀਕਾ ਵਿੱਚ ਕੋਰੋਨਾ ਦਾ ਜ਼ੋਰਦਾਰ ਹਮਲਾ ਜਾਰੀ

*** ਬ੍ਰਿਟੇਨ, ਇਟਲੀ ਅਤੇ ਫਰਾਂਸ ਵਿੱਚ ਵੀ ਕਹਿਰ ਰੁਕ ਨਹੀਂ ਰਿਹਾ**

ਲੰਡਨ, 15 ਅਪਰੈਲ, (ਪੋਸਟ ਬਿਊਰੋ)- ਸੰਸਾਰ ਭਰ ਵਿਚ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਨਾਲ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧੀ ਜਾਂਦੀ ਹੈ। ਭਾਰਤ ਵਿਚ ਬੁੱਧਵਾਰ ਸਵੇਰ ਹੋਣ ਤੱਕ ਸੰਸਾਰ ਵਿਚ 19,92,778 ਲੋਕ ਕੋਰੋਨਾ ਤੋਂ ਪ੍ਰਭਾਵਤ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ 1,26,117 ਲੋਕਾਂ ਦੀ ਮੌਤ ਹੋ ਚੁੱਕੀ ਹੈ।



ਤਾਜ਼ਾ ਅੰਕੜਿਆਂ ਮੁਤਾਬਕ ਭਾਰਤ ਦੀ ਬੁੱਧਵਾਰ ਸਵੇਰ ਹੋਣ ਤੱਕ ਅਮਰੀਕਾ ਵਿਚ ਇੱਕੋ ਦਿਨ 2335 ਮੌਤਾਂ ਹੋਰ ਹੋਣ ਨਾਲ ਕੁੱਲ ਮੌਤਾਂ ਦੀ ਗਿਣਤੀ 25,975 ਹੋ ਗਈ ਹੈ। ਇਸ ਦੇ ਸਭ ਤੋਂ ਵੱਧ ਮਾਰ ਹੇਠ ਆਏ ਹੋਏ ਰਾਜ ਨਿਊਯਾਰਕ ਇਕੱਲੇ ਵਿੱਚ ਮੌਤਾਂ ਦੀ ਗਿਣਤੀ 10,835 ਹੋ ਗਈ ਹੈ। ਨਿਊ ਜਰਸੀ ਰਾਜ ਵਿਚ 2805, ਮਿਸ਼ੀਗਨ ਰਾਜ ਵਿੱਚ ਮੌਤਾਂ ਦੀ ਗਿਣਤੀ 1768 ਅਤੇ ਲੂਸੀਆਨਾ ਵਿੱਚ 1013 ਹੋ ਚੁੱਕੀ ਹੈ।

ਯੂਰਪ ਦੇ ਸਭ ਤੋਂ ਵੱਧ ਪ੍ਰਭਾਵਤ ਦੇਸ਼ ਇਟਲੀ ਵਿੱਚ ਇੱਕੋ ਦਿਨ 602 ਹੋਰ ਮੌਤਾਂ ਹੋ ਗਈਆਂ ਅਤੇ ਕੁੱਲ ਗਿਣਤੀ 21,067 ਹੋ ਗਈ ਹੈ। ਸਪੇਨ ਵਿੱਚ ਮੌਤਾਂ ਦੀ ਗਿਣਤੀ 18,056, ਫਰਾਂਸ ਵਿੱਚ 15,729 ਅਤੇ ਬ੍ਰਿਟੇਨ ਵਿੱਚ 12,107 ਹੋ ਗਈ ਹੈ। ਇਸ ਦੌਰਾਨ ਕੋਰੋਨਾ ਦੀ ਇਨਫੈਕਸ਼ਨ ਦੇ ਵਧਦੇ ਕੇਸਾਂ ਨੂੰ ਦੇਖ ਕੇ ਰੂਸ ਦੀ ਸਰਕਾਰ ਨੇ ਫ਼ੌਜ ਦੀ ਮਦਦ ਲੈਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਹੈ। ਇਸ ਦੇਸ਼ ਵਿੱਚ ਪ੍ਰਭਾਵਿਤ ਲੋਕਾਂ ਦੀ ਗਿਣਤੀ 21,102 ਹੋ ਗਈ ਹੈ ਤੇ ਇਸ ਬਿਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ ਵੀ 170 ਹੋ ਚੁੱਕੀ ਹੈ।

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਮੁਕੰਮਲ ਕਰਨਾ ਹੋਵੇਗਾ ਆਈਸੋਲੇਸ਼ਨ ਪੀਰੀਅਡ



ਓਟਵਾ, 14 ਅਪਰੈਲ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਸੋਮਵਾਰ ਨੂੰ ਕਿਸਾਨਾਂ, ਫਿਸ਼ ਫਾਰਮਰਜ਼ ਤੇ ਫੂਡ ਪ੍ਰੋਡਕਸ਼ਨ ਅਤੇ ਪ੍ਰੋਸੈਸਿੰਗ ਦੇ ਖੇਤਰ ਨਾਲ ਸਬੰਧੀ ਫਿੱਸ਼ ਹਾਰਵੈਸਟਰਜ਼ ਲਈ 50 ਮਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ ਹੈ।

ਪਿਛਲੇ ਮਹੀਨੇ ਓਟਵਾ ਨੇ ਆਖਿਆ ਸੀ ਕਿ ਉਹ ਅਜਿਹੇ ਫੌਰਨ ਵਰਕਰਜ਼ ਨੂੰ ਕੈਨੇਡਾ ਦਾਖਲ ਹੋਣ ਦੇਵੇਗਾ ਜਿਨ੍ਹਾਂ 14 ਦਿਨ ਲਈ ਕਿਸੇ ਦੀ ਸੁਪਰਵਿਜ਼ਨ ਵਿਚ ਏਕਾਂਤਵਾਸ ਵਿਚ ਰਹਿਣ ਦਾ ਸਮਾਂ ਪੂਰਾ ਕੀਤਾ ਹੋਵੇ। ਉਸ ਸਮੇਂ ਕੈਨੇਡੀਅਨ ਫੈਡਰੇਸਨ ਆਫ ਐਗਰੀਕਲਚਰ ਨੇ ਆਖਿਆ ਸੀ ਕਿ ਉਨ੍ਹਾਂ ਨੂੰ ਇਸ ਗਲ ਦੀ ਖੁਸੀ ਹੈ ਕਿ ਸਰਕਾਰ ਨੇ ਆਰਜੀ ਫੌਰਨ ਵਰਕਰਜ ਨੂੰ ਲੈ ਕੇ ਆਪਣੀ ਯੋਜਨਾ ਉਤੇ ਰੋਸਨੀ ਤਾਂ ਪਾਈ। ਪਰ ਉਨ੍ਹਾਂ ਆਖਿਆ ਕਿ ਇਸ ਸਬੰਧੀ ਪੂਰੇ ਵੇਰਵੇ ਦੀ ਉਹ ਉਡੀਕ ਕਰ ਰਹੇ ਹਨ।

ਖੇਤੀਬਾੜੀ ਮੰਤਰੀ ਮੈਰੀ ਕਲੌਡੇ ਬਿਬਿਊ ਨੇ ਦਸਿਆ ਕਿ ਫੈਡਰਲ ਸਰਕਾਰ ਆਰਜੀ ਵਿਦੇਸੀ ਕਾਮਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਇੰਪਲਾਇਰਜ, ਜਾਂ ਉਨ੍ਹਾਂ ਨਾਲ ਕੰਮ ਕਰਨ ਵਾਲਿਆਂ ਨੂੰ 1500 ਡਾਲਰ ਦੀ ਮਦਦ ਕਰੇਗੀ। ਇਸ ਫੰਡ ਨਾਲ ਕੁਝ ਸਰਤਾਂ ਵੀ ਇੰਪਲਾਇਰ ਨੂੰ ਪੂਰੀਆਂ ਕਰਨੀਆਂ ਹੋਣਗੀਆਂ। ਇਸ ਫੰਡਿੰਗ ਲਈ ਕੁਝ ਸਰਤਾਂ ਵੀ ਪੂਰੀਆਂ ਕਰਨੀਆਂ ਹੋਣਗੀਆਂ। ਆਰਜੀ ਵਿਦੇਸੀ ਕਾਮਿਆਂ ਨੂੰ 14 ਦਿਨ ਦਾ ਆਈਸੋਲੇਸਨ ਪ੍ਰੋਟੋਕਾਲ ਮੰਨਣਾ ਹੋਵੇਗਾ। ਬਿਬਿਊ ਨੇ ਆਖਿਆ ਕਿ ਖੇਤੀਬਾੜੀ ਖੇਤਰ ਨੂੰ ਇਸ ਮਹਾਮਾਰੀ ਕਾਰਨ ਲੇਬਰ ਸਾਰਟੇਜ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਚੀਨ ਵੱਲੋਂ ਕਰੋਨਾਵਾਇਰਸ ਨਾਲ ਸਬੰਧਤ ਦੋ ਵੈਕਸੀਨਜ਼ ਮਨੁੱਖਾਂ ਉੱਤੇ ਤਜਰਬੇ ਲਈ ਤਿਆਰ

## ਰੂਸ ਨਾਲ ਲੱਗਦੀ ਸਰਹੱਦ ਉੱਤੇ ਚੀਨ ਨੇ ਵਧਾਈ ਚੌਕਸੀ

ਬੀਜਿੰਗ, 14 ਅਪਰੈਲ (ਪੋਸਟ ਬਿਊਰੋ) : ਚੀਨ ਵੱਲੋਂ ਕਰੋਨਾਵਾਇਰਸ ਨਾਲ ਸਬੰਧਤ ਦੋ ਵੈਕਸੀਨਜ਼ ਮਨੁੱਖਾਂ ਉੱਤੇ ਤਜਰਬੇ ਲਈ ਤਿਆਰ ਹਨ। ਪਰ ਇਸ ਦੇ ਨਾਲ ਹੀ ਚੀਨ ਨੂੰ ਇੱਕ ਵਾਰੀ ਫਿਰ ਵਿਦੇਸ਼, ਖਾਸ ਤੌਰ ਉੱਤੇ ਰੂਸ, ਤੋਂ ਆਏ ਕਰੋਨਾਵਾਇਰਸ ਦੇ ਨਵੇਂ ਮਾਮਲਿਆਂ ਨਾਲ ਦੋ ਚਾਰ ਕਰਨਾ ਪੈ ਰਿਹਾ ਹੈ।

ਇਸ ਵਾਰੀ ਚੀਨ ਵਿੱਚ ਵਿਦੇਸ਼ ਤੋਂ ਆਏ ਕਰੋਨਾਵਾਇਰਸ ਦੇ ਸੱਭ ਤੋਂ ਵੱਧ ਮਾਮਲਿਆਂ ਲਈ ਰੂਸ ਮੁੱਖ ਸਰੋਤ ਬਣ ਗਿਆ ਹੈ। ਇਸ ਵਾਰੀ ਕਰੋਨਾਵਾਇਰਸ ਦੇ 409 ਮਾਮਲੇ ਸਾਹਮਣੇ ਆਏ ਹਨ। ਕਮਿਊਨਿਸਟ ਪਾਰਟੀ ਪੀਪਲਜ਼ ਡੇਅ ਵੱਲੋਂ ਚਲਾਏ ਜਾਂਦੇ ਅਖਬਾਰ ਵਿੱਚ ਆਖਿਆ ਗਿਆ ਕਿ ਬਾਹਰੋਂ ਆਏ ਮਾਮਲਿਆਂ ਨੂੰ ਨੱਥ ਪਾਉਣ ਤੋਂ ਰੂਸ ਅਸਫਲ ਰਿਹਾ ਹੈ ਤੇ ਇਸ ਤੋਂ ਹੋਰ ਸਬਕ ਸਿੱਖ ਸਕਦੇ ਹਨ। ਇਹ ਵੀ ਆਖਿਆ ਗਿਆ ਕਿ ਚੀਨ ਦੇ ਲੋਕਾਂ ਨੇ ਰੂਸ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਿਆਂ ਵੇਖਿਆ ਹੈ। ਇਹ ਸਾਰਿਆਂ ਲਈ ਇੱਕ ਚੇਤਾਵਨੀ ਹੈ। ਇਸ ਨਾਲ ਸਾਰਿਆਂ ਨੂੰ ਕੰਨ ਹੋ ਜਾਣੇ ਚਾਹੀਦੇ ਹਨ। ਚੀਨ ਨੂੰ ਅਜਿਹੇ ਮਾਮਲਿਆਂ ਨੂੰ ਜਲਦੀ ਨਾਲ ਰੋਕਣਾ ਚਾਹੀਦਾ ਹੈ ਤੇ ਦੂਜੀ ਆਊਟਬ੍ਰੇਕ ਤੋਂ ਬਚਣਾ ਚਾਹੀਦਾ ਹੈ।




ਚੀਨ ਦੇ ਉੱਤਰਪੂਰਬੀ ਸਰਹੱਦੀ ਇਲਾਕੇ ਹੇਲਾਂਗਜ਼ਿਐਂਗ ਵਿੱਚ ਸੋਮਵਾਰ ਨੂੰ ਕਰੋਨਾਵਾਇਰਸ ਦੇ 79 ਨਵੇਂ ਮਾਮਲੇ ਮਿਲੇ। ਇਹ ਸਾਰੇ ਉਹ ਲੋਕ ਹਨ ਜਿਹੜੇ ਰੂਸ ਤੋਂ ਚੀਨ ਪਰਤੇ ਹਨ। ਇਨ੍ਹਾਂ ਵਿਅਕਤੀਆਂ ਕਾਰਨ ਦਸ ਹੋਰ ਲੋਕਾਂ ਨੂੰ ਵੀ ਕਰੋਨਾਵਾਇਰਸ ਹੋ ਗਿਆ ਹੈ ਤੇ ਇਨ੍ਹਾਂ ਦੀ ਕੁੱਲ ਗਿਣਤੀ ਹੁਣ 89 ਹੋ ਗਈ ਹੈ।

ਹੁਣ ਇੱਕ ਵਾਰੀ ਦੂਜੇ ਆਊਟਬ੍ਰੇਕ ਦਾ ਸਾਹਮਣਾ ਕਰ ਰਹੇ ਚੀਨ ਵੱਲੋਂ ਅਜਿਹੀ ਵੈਕਸੀਨ ਤਿਆਰ ਕਰ ਲਈ ਗਈ ਹੈ ਜਿਹੜੀ ਕਰੋਨਾਵਾਇਰਸ ਲਈ ਕਾਫੀ ਸਾਜ਼ਗਰ ਹੈ। ਇਸ ਦੀ ਜਾਣਕਾਰੀ ਸਟੇਟ ਮੀਡੀਆ ਜ਼ਿਨਹੁਆ ਵੱਲੋਂ ਮੰਗਲਵਾਰ ਨੂੰ ਦਿੱਤੀ ਹੈ। ਇਹ ਵੈਕਸੀਨ ਬੀਜਿੰਗ ਸਥਿਤ ਸਿਨੋਵੈਕ ਬਾਇਓਟੈਕ ਤੇ ਵੂਹਾਨ ਇੰਸਟੀਚਿਊਟ ਆਫ ਬਾਇਓਲਾਜੀਕਲ ਪ੍ਰੋਡਕਟਸ, ਜੋ ਕਿ ਚੀਨੀ ਸਰਕਾਰ ਦੇ ਨੈਸ਼ਨਲ ਫਾਰਮਾਸਿਊਟੀਕਲ ਗਰੁੱਪ ਨਾਲ ਸਬੰਧਤ ਹੈ, ਵੱਲੋਂ ਤਿਆਰ ਕੀਤੀ ਗਈ ਹੈ।

# 4 ਮਈ ਨੂੰ ਨਹੀਂ ਖੁੱਲ੍ਹਣਗੇ ਓਨਟਾਰੀਓ ਦੇ ਸਕੂਲ



ਓਨਟਾਰੀਓ, 14 ਅਪਰੈਲ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਨੇ ਅੱਜ ਐਲਾਨ ਕੀਤਾ ਕਿ 4 ਮਈ ਤੋਂ ਓਨਟਾਰੀਓ ਦੇ ਸਕੂਲ ਨਹੀਂ ਖੋਲ੍ਹੇ ਜਾਣਗੇ। ਉਨ੍ਹਾਂ ਆਖਿਆ ਕਿ ਹਾਲ ਦੀ ਘੜੀ ਵਿਦਿਆਰਥੀ ਆਪਣੇ ਘਰਾਂ ਵਿੱਚ ਹੀ ਰਹਿਣਗੇ।

ਫੋਰਡ ਨੇ ਸਪਸ਼ਟ ਕੀਤਾ ਕਿ ਇਸ ਤੋਂ ਇਹ ਭਾਵ ਨਹੀਂ ਹੈ ਕਿ ਬਾਕੀ ਬਚਿਆ ਸਕੂਲ ਵਰ੍ਹਾ ਰੱਦ ਕੀਤਾ ਜਾ ਰਿਹਾ ਹੈ। ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਇਸ ਸਬੰਧੀ ਹੋਰ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।

ਇਸ ਸਮੇਂ ਵੱਖ ਵੱਖ ਗ੍ਰੇਡ ਲੈਵਲਜ਼ ਦੇ ਵਿਦਿਆਰਥੀਆਂ ਲਈ ਵੱਖ ਵੱਖ ਈ-ਲਰਨਿੰਗ ਪਲੈਨ ਚੱਲ ਰਿਹਾ ਹੈ। ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ 6 ਦੇ ਵਿਦਿਆਰਥੀਆਂ ਲਈ ਪ੍ਰਤੀ ਹਫਤੇ ਪੰਜ ਘੰਟੇ ਲਈ ਕੰਮ ਤੇ ਗ੍ਰੇਡ 7 ਅਤੇ 8 ਦੇ ਵਿਦਿਆਰਥੀਆਂ ਲਈ ਪ੍ਰਤੀ ਹਫਤੇ 10 ਘੰਟੇ ਕੰਮ ਦਾ ਪਲੈਨ ਲਾਗੂ ਕੀਤਾ ਗਿਆ ਹੈ।

ਸਿੱਖਿਆ ਮੰਤਰੀ ਨੇ ਆਖਿਆ ਕਿ ਇਸ ਪਲੈਨ ਵਿੱਚ ਸਾਰੇ ਵਿਦਿਆਰਥੀਆਂ ਲਈ ਫਾਈਨਲ ਰਿਪੋਰਟ ਕਾਰਡਜ਼ ਦੀ ਲੋੜ ਵੀ ਹੋਵੇਗੀ ਤੇ ਵਿਦਿਆਰਥੀਆਂ ਨੂੰ ਗ੍ਰੈਜੂਏਟ ਕਰਨ ਲਈ ਉਨ੍ਹਾਂ ਨੂੰ ਟਰੈਕ ਉੱਤੇ ਰੱਖਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ।

# ਟੋਰਾਂਟੋ ਵਿੱਚ 30 ਬੇਘਰੇ ਲੋਕ ਆਏ ਕੋਵਿਡ-19 ਦੀ ਚਪੇਟ ’ਚ

ਟੋਰਾਂਟੋ, 14 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਦੇ ਅਧਿਕਾਰੀਆਂ ਨੇ ਮੰਗਲਵਾਰ ਨੂੰ ਦੱਸਿਆ ਕਿ 30 ਬੇਘਰੇ ਲੋਕ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ। ਪਬਲਿਕ ਹੈਲਥ ਵੱਲੋਂ ਤਿੰਨ ਸ਼ੈਲਟਰਜ਼ ਉੱਤੇ ਤੇਜ਼ੀ ਨਾਲ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਰਫਿਊਜੀਆਂ ਲਈ ਬਣੇ ਆਸਰਿਆਂ ਵਿੱਚ ਵੀ 11 ਲੋਕਾਂ ਦੇ ਕੋਵਿਡ-19 ਤੋਂ ਸੰਕ੍ਰਮਤ ਹੋ ਜਾਣ ਕਾਰਨ ਉਸ ਦੀ ਵੀ ਜਾਂਚ ਕੀਤੀ ਜਾਵੇਗੀ।



ਸਿਟੀ ਮੈਡੀਕਲ ਆਫੀਸਰ ਆਫ ਹੈਲਥ ਐਲੀਨ ਡੀ ਵਿੱਲਾ ਨੇ ਆਖਿਆ ਕਿ ਸੱਤ ਸ਼ੈਲਟਰਜ਼ ਵਿੱਚ ਕਰੋਨਾਵਾਇਰਸ ਦੇ ਮਾਮਲੇ ਵਧਣ ਤੋਂ ਬਾਅਦ, 30 ਵਿੱਚੋਂ ਕਈ ਸਿਹਤਯਾਬ ਵੀ ਹੋ ਰਹੇ ਹਨ। ਪਰ ਉਨ੍ਹਾਂ ਦੇ ਸਟਾਫ ਵੱਲੋਂ ਅਜੇ ਵੀ ਰਫਿਊਜੀਆਂ ਲਈ ਨੌਰਥ ਯੌਰਕ ਸਥਿਤ ਵਿਲੋਡੇਲ ਵੈਲਕਮ ਸੈਂਟਰ, ਸਿਟੀ ਦੇ ਡਾਊਨਟਾਊਨ ਦੇ ਪੂਰਬ ਵੱਲ ਸਥਿਤ ਰਿਸਪਾਈਟ ਸ਼ੈਲਟਰ ਤੇ ਸੀਟਨ ਹਾਊਸ ਵਿੱਚ ਪਾਜ਼ੀਟਿਵ ਪਾਏ ਗਏ ਕੇਸਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਜੇ ਇੱਕ ਹਫਤੇ ਪਹਿਲਾਂ ਹੀ ਸਿਟੀ ਨੇ ਆਖਿਆ ਸੀ ਕਿ ਬੇਘਰੇ ਲੋਕਾਂ ਵਿੱਚ ਉਨ੍ਹਾਂ ਕੋਲ ਕੋਵਿਡ-19 ਦੇ ਸਿਰਫ ਛੇ ਮਾਮਲਿਆਂ ਦੀ ਹੀ ਪੁਸ਼ਟੀ ਹੋਈ ਹੈ। ਡਾ. ਵਿਲਾ ਨੇ ਮੰਗਲਵਾਰ ਨੂੰ ਚੇਤਾਵਨੀ ਦਿੱਤੀ ਕਿ ਬੇਘਰੇ ਲੋਕਾਂ ਨੂੰ ਅਕਸਰ ਸਿਹਤ ਸਬੰਧੀ ਹੋਰ ਬਿਮਾਰੀਆਂ ਹੁੰਦੀਆਂ ਹਨ ਤੇ ਉਹ ਕੋਵਿਡ-19 ਲਈ ਵੀ ਬੇਹੱਦ ਕਮਜ਼ੋਰ ਹਨ।

ਮੰਗਲਵਾਰ ਨੂੰ ਸਿਟੀ ਵੱਲੋਂ ਪਾਜ਼ੀਟਿਵ ਪਾਏ ਗਏ ਬੇਘਰੇ ਲੋਕਾਂ ਲਈ 400 ਬੈਡ ਦੇ ਰਿਕਵਰੀ ਸੈਂਟਰ ਦਾ ਖੁਲਾਸਾ ਕੀਤਾ ਗਿਆ। ਇਹ ਸਾਈਟ ਉਨ੍ਹਾਂ ਲੋਕਲ ਹੈਲਥ ਕੇਅਰ ਪ੍ਰੋਵਾਈਡਰਜ਼ ਵੱਲੋਂ ਚਲਾਈ ਜਾਵੇਗੀ ਜਿਨ੍ਹਾਂ ਨੂੰ ਪਹਿਲਾਂ ਵੀ ਬੇਘਰੇ ਲੋਕਾਂ ਦੀ ਸਾਂਭ ਸੰਭਾਲ ਦਾ ਤਜਰਬਾ ਹੋਵੇਗਾ। ਇਸ ਦੌਰਾਨ ਸਿਟੀ ਦੇ ਸ਼ੈਲਟਰ ਡਿਪਾਰਟਮੈਂਟ ਦੀ ਹੈੱਡ ਮੈਰੀ ਐਨ ਬੇਡਾਰਡ ਨੇ ਆਖਿਆ ਕਿ ਸਿਟੀ ਵੱਲੋਂ 1000 ਦੇ ਨੇੜੇ ਤੇੜੇ ਬੇਘਰੇ ਲੋਕਾਂ ਨੂੰ ਭੀੜ ਭਾੜ ਵਾਲੇ ਸ਼ੈਲਟਰਜ਼ ਤੋਂ ਕੱਢ ਕੇ ਹੋਟਲਾਂ ਦੇ ਕਮਰਿਆਂ, ਨਵੇਂ ਐਮਰਜੰਸੀ ਸ਼ੈਲਟਰਜ਼ ਤੇ ਪਬਲਿਕ ਹਾਊਸਿੰਗ ਯੂਨਿਟਸ ਵਿੱਚ ਠਹਿਰਾਇਆ ਗਿਆ ਹੈ। ਉਨ੍ਹਾਂ ਆਖਿਆ ਕਿ ਹੁਣ ਸਿਟੀ ਹੋਰਨਾਂ 1000 ਬੇਘਰੇ ਲੋਕਾਂ ਨੂੰ ਵੀ 30 ਅਪਰੈਲ ਤੱਕ ਭੀੜ ਭਾੜ ਵਾਲੇ ਸ਼ੈਲਟਰਜ਼ ਤੋਂ ਕੱਢ ਕੇ ਕਿਤੇ ਹੋਰ ਐਡਜਸਟ ਕਰੇਗੀ।







Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca

“Your neighborhood broker, Call Paramjit Deol Today”

**Mississauga $749,000** — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

**Toronto $179,000** — barBURRITO — 6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

**Caledon $749,900** — Old Church & Atchinson: Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

**Mississauga $199,900** — Techlogics — 5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Brampton $349,000** — Photo Not Available — 10635 Bramalea Rd J-4:Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

**Brampton $249,000** — 373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**MISSISSAUGA $299,000** — Photo Not Available — 5380 Terry Fox Way 12: Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

**Waterloo $399,000** — Photo Not Available — Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Brampton $349,000** — Photo Not Available — 284 Orenda Dr 19: Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

**Brampton $459,000** — 7800 Hurontario St 1 : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

**Barrie $769,000** — Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000** — Photo Not Available — 150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $499,000** — 15 Gateway Blvd: Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

**Brampton $549,000** — Clark & Bramalea: Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

**Toronto $789,000** — Warden And Steeles:Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

**Mississauga $715,000** — Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement .

*Canadian punjabi post assumes no responsibility for the accuracy of any information shown. Copyright Ppost 2019

# ਕੋਵਿਡ19 ਦੇ ਮੱਦੇਨਜ਼ਰ ਜਨਤਕ ਨੀਤੀਆਂ ਸਬੰਧੀ ਚੁਣੌਤੀਆਂ ਨਾਲ ਨਜਿੱਠਣ ਲਈ 20 ਮੈਂਬਰੀ ਟਾਸਕ ਫੋਰਸ ਦਾ ਗਠਨ

## ਟਾਸਕ ਫੋਰਸ ਨੂੰ ਆਪਣੀਆਂ ਸਿਫਾਰਸ਼ਾਂ 24 ਅਪ੍ਰੈਲ ਤੱਕ ਜਮ੍ਹਾਂ ਕਰਾਉਣ ਲਈ ਕਿਹਾ

ਚੰਡੀਗੜ੍ਹ, 14 ਅਪ੍ਰੈਲ (ਗਿਆਨ ਸਿੰਘ) ਪੰਜਾਬ ਸਰਕਾਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਿਰਦੇਸ਼ਾਂ ’ਤੇ ਕੋਵਿਡ -19 ਮਹਾਂਮਾਰੀ ਨਾਲ ਨਜਿੱਠਣ ਲਈ ਜਨਤਕ ਨੀਤੀ ਚੁਣੌਤੀਆਂ ਦੇ ਹੱਲ ਲਈ ਛੋਟੇ ਅਤੇ ਦਰਮਿਆਨੇ ਮਿਆਦ ਦੇ ਉਪਾਅ ਸੁਝਾਉਣ ਲਈ 20 ਮੈਂਬਰੀ ਟਾਸਕ ਫੋਰਸ ਦਾ ਗਠਨ ਕੀਤਾ ਹੈ ਜਿਸ ਵਿਚ ਲੌਕਡਾਊਨ ਦੌਰਾਨ ਲਗਾਈਆਂ ਗਈਆਂ ਪਾਬੰਦੀਆਂ ’ਚ ਪੜਾਅਵਾਰ ਢੰਗ ਨਾਲ ਛੋਟ ਦੇਣਾ ਵੀ ਸ਼ਾਮਲ ਹੈ।

ਟਾਸਕ ਫੋਰਸ ਨੂੰ ਇਸ ਨੋਟੀਫਿਕੇਸ਼ਨ ਦੇ ਜਾਰੀ ਹੋਣ ਦੇ 10 ਦਿਨਾਂ ਦੇ ਅੰਦਰ-ਅੰਦਰ ਆਪਣੀਆਂ ਸਿਫਾਰਸ਼ਾਂ ਰਾਜ ਸਰਕਾਰ ਨੂੰ ਸੌਂਪਣ ਦਾ ਹੁਕਮ ਦਿੱਤਾ ਗਿਆ ਹੈ( ਭਾਵ 24 ਅਪ੍ਰੈਲ, 2020 ਤੱਕ )। ਟਾਸਕ ਫੋਰਸ ਨੂੰ ਮਾਹਰਾਂ ਅਤੇ ਸੰਸਥਾਵਾਂ ਤੋਂ ਲੋੜੀਂਦੀ ਜਾਣਕਾਰੀ ਅਤੇ ਡੇਟਾ ਲੈਣ ਲਈ ਵੀ ਕਿਹਾ ਗਿਆ ਹੈ।

ਜ਼ਿਕਰਯੋਗ ਹੈ ਕਿ ਕੋਵਿਡ -19 ਲਾਗ ਦੀ ਰੋਕਥਾਮ ਲਈ ਮਨੁੱਖੀ ਵਿਹਾਰ ਵਿੱਚ ਕਈ ਤਬਦੀਲੀਆਂ ਦੀ ਲੋੜ ਹੁੰਦੀ ਹੈ, ਜਿਸ ਵਿੱਚ ਗਤੀਸ਼ੀਲਤਾ ਨੂੰ ਸੀਮਤ ਕਰਨਾ, ਸਰੀਰਕ ਦੂਰੀ ਬਣਾਈ ਰੱਖਣਾ ਅਤੇ ਵਿਅਕਤੀਗਤ ਸਫਾਈ ਸ਼ਾਮਲ ਹੈ।ਨਵੇਂ ਮਾਪਦੰਡਾਂ ਅਨੁਸਾਰ ਸਮਾਜਿਕ-ਆਰਥਿਕ ਗਤੀਵਿਧੀਆਂ ਦੇ ਆਯੋਜਨ ਲਈ ਕਈ ਨੀਤੀਗਤ ਦਖਲਾਂ ਦੀ ਲੋੜ ਪਵੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਦੱਸਿਆ ਕਿ ਇਸ ਟਾਸਕ ਫੋਰਸ ਵਿੱਚ ਸੇਵਾਮੁਕਤ ਆਈ.ਏ .ਐਸ ਅਧਿਕਾਰੀ ਜਿਨ੍ਹਾਂ ਵਿਚ ਡੀਐਸ ਕੱਲਾ ਕਨਵੀਨਰ ਵਜੋਂ , ਕੇ .ਆਰ ਲਖਨਪਾਲ ਅਤੇ ਸਾਬਕਾ ਆਈਪੀਐਸ ਅਧਿਕਾਰੀ ਐੱਨ.ਐੱਸ. ਸੰਧੂ ਬਤੌਰ ਮੈਂਬਰ ਵਜੋਂ ਸ਼ਾਮਲ ਹੋਣਗੇ।

ਇਸ ਤੋਂ ਇਲਾਵਾ ਮੁੱਖ ਸੰਪਾਦਕ ਪੰਜਾਬੀ ਟ੍ਰਿਬਿਊਨ ਡਾ. ਸਵਰਾਜ ਬੀਰ ਸਿੰਘ, ਸੀਨੀਅਰ ਐਡਵੋਕੇਟ ਮਨਮੋਹਨ ਲਾਲ ਸਰੀਨ, ਸਾਬਕਾ ਡਾਇਰੈਕਟਰ ਪੀ.ਜੀ.ਆਈ.ਐਮ.ਈ.ਆਰ. ਡਾ ਕੇ.ਕੇ. ਤਲਵਾੜ, ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫਰੀਦਕੋਟ ਦੇ ਉਪ ਕੁਲਪਤੀ ਡਾ. ਰਾਜ ਬਹਾਦਰ, ਸਕੂਲ ਆਫ਼ ਪਬਲਿਕ ਹੈਲਥ ਪੀ.ਜੀ.ਆਈ.ਐਮ.ਈ.ਆਰ. ਦੇ ਸਾਬਕਾ ਮੁਖੀ ਡਾ. ਰਾਜੇਸ਼ ਕੁਮਾਰ, ਪੰਜਾਬ ਸਟੇਟ ਫਾਰਮਰਜ਼ ਐਂਡ ਫਾਰਮ ਵਰਕਰਜ਼ ਕਮਿਸ਼ਨ ਦੇ ਚੇਅਰਮੈਨ ਅਜੇ ਵੀਰ ਜਾਖੜ, ਬੀਕੇਯੂ ਆਗੂ ਭੁਪਿੰਦਰ ਸਿੰਘ ਮਾਨ, ਚੇਅਰਮੈਨ ਵਰਧਮਾਨ ਇੰਡਸਟਰੀਜ਼ ਐਸ ਪੀ ਓਸਵਾਲ, ਚੇਅਰਮੈਨ ਟਰਾਈਡੈਂਟ ਇੰਡਸਟਰੀਜ਼ ਰਾਜਿੰ-ਦਰ ਗੁਪਤਾ, ਵਾਈਸ ਚੇਅਰਮੈਨ ਸੋਨਾਲੀਕਾ ਟਰੈਕਟਰਜ਼ ਏ.ਐਸ. ਮਿੱਤਲ, ਉੱਘੇ ਕਾਰੋਬਾਰੀ ਗੌਤਮ ਕਪੂਰ, ਸੀਈਓ ਸੁਖਜੀਤ ਸਟਾਰਚ ਭਵਦੀਪ ਸਰਦਾਨਾ, ਪੰਜਾਬ ਰਾਈਸ ਮਿੱਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਸੇਠੀ, ਵਾਈਸ ਚਾਂਸਲਰ ਪੀਏਯੂ ਲੁਧਿਆਣਾ ਬੀ.ਐਸ. ਢਿੱਲੋਂ, ਡਾਇਰੈਕਟਰ ਆਈਆਈਟੀ ਰੋਪੜ ਐਸ.ਕੇ. ਦਾਸ, ਉਪ ਕੁਲਪਤੀ ਜੀ.ਐਨ.ਡੀ.ਯੂ.ਅੰਮ੍ਰਿਤਸਰ ਜੇ.ਐਸ. ਸੰਧੂ ਅਤੇ ਅਰੁਨਜੀਤ ਸਿੰਘ ਮਿਗਲਾਨੀ ਟਾਸਕ ਫੋਰਸ ਦੇ ਮੈਂਬਰ ਹੋਣਗੇ।

ਟਾਸਕ ਫੋਰਸ ਨੂੰ ਕੋਵਿਡ-19 ਹੌਟਸਪੌਟਸ ਅਤੇ ਕੰਟੇਨਮੈਂਟ ਜ਼ੋਨਾਂ ਤੋਂ ਬਾਹਰ ਦੀਆਂ ਪਾਬੰਦੀਆਂ ਲਈ ਰਣਨੀਤੀ ਅਤੇ ਅਰਥਚਾਰੇ ਦੇ ਵੱਖ-ਵੱਖ ਸੈਕਟਰਾਂ ਜਿਵੇਂ ਵਪਾਰਕ, ਸਿੱਖਿਆ, ਉਦਯੋਗਾਂ, ਆਵਾਜਾਈ, ਸਿਹਤ ਸੰਭਾਲ, ਯਾਤਰਾ, ਸੈਰ-ਸਪਾਟਾ ਆਦਿ ਸੈਕਟਰਾਂ ਲਈ ਲਾਕਡਾਊਨ ਤੋਂ ਬਾਅਦ ਪੜਾਅਵਾਰ ਢੰਗ ਨਾਲ ਪਾਬੰਦੀਆਂ ਹਟਾਉਣ ਸਬੰਧੀ ਮੁੱਦਿਆਂ ਦੇ ਹੱਲ ਦਾ ਜ਼ਿੰਮਾ ਸੌਂਪਿਆ ਗਿਆ ਹੈ। ਟਾਸਕ ਫੋਰਸ ਸਮਾਜਿਕ-ਆਰਥਿਕ ਗਤੀਵਿਧੀਆਂ ਨੂੰ ਮੁੜ ਸ਼ੁਰੂ ਕਰਨ ਅਤੇ ਡਿਜੀਟਲ ਅਰਥ ਵਿਵਸਥਾ ਸਮੇਤ ਰੁਜ਼ਗਾਰ ਦੇ ਨਵੇਂ ਮੌਕਿਆਂ ਤੋਂ ਇਲਾਵਾ ਰੁਜ਼ਗਾਰ ਨੂੰ ਮੁੜ ਸਥਾਪਤ ਕਰਨ ਅਤੇ ਸੂਬਿਆਂ ਅਤੇ ਸ਼ਹਿਰਾਂ ਦਰਮਿ-ਆਨ ਜਨਤਕ-ਯਾਤਰੀ ਟਰਾਂਸਪੋਰਟ ਯਾਤਰਾ ਨੂੰ ਨਿਯਮਿਤ ਕਰਨ ਲਈ ਨੀਤੀਗਤ ਉਪਾਵਾਂ ਨੂੰ ਵੀ ਵਿਕਸਿਤ ਕਰੇਗੀ। ਇਸ ਤੋਂ ਇਲਾਵਾ ਟਾਸਕ ਫੋਰਸ ਕੋਵਿਡ-19 ਮਹਾਂਮਾਰੀ ਬਾਰੇ ਸੂਬਾ ਸਰਕਾਰ ਦੀ ਪ੍ਰਤੀਕਿਰਿਆ ਅਨੁਸਾਰ ਹੋਰ ਮੁੱਦਿਆਂ ਨੂੰ ਵੀ ਹੱਲ ਕਰੇਗੀ।

ਟਾਸਕ ਫੋਰਸ ਨੂੰ ਸਕੱਤਰੇਤ ਸਹਾਇਤਾ ਪ੍ਰਸ਼ਾਸਨਿਕ ਸੁਧਾਰਾਂ ਵਿਭਾਗ ਦੁਆਰਾ ਮੁਹੱਈਆ ਕਰਵਾਈ ਜਾਏਗੀ। ਮੁੱਖ ਸਕੱਤਰ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਵੱਲੋਂ 11 ਅਪ੍ਰੈਲ ਨੂੰ ਸਥਾਪਤ ਕੀਤੀ ਗਈ ਮਨੁੱਖੀ ਸਰੋਤ ਅਤੇ ਸਮਰੱਥਾ ਨਿਰਮਾਣ ਵਿੱਚ ਵਾਧੇ ਬਾਰੇ ਕਮੇਟੀ ਇਸ ਟਾਸਕ ਫੋਰਸ ਨੂੰ ਹਰ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਏਗੀ ਜਿਸ ਵਿੱਚ ਸਰਕਾਰ ਵਿਭਾਗਾਂ ਅਤੇ ਸੰਸਥਾਵਾਂ ਨਾਲ ਤਾਲਮੇਲ ਕਰਨਾ ਵੀ ਸ਼ਾਮਲ ਹੈ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741



ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers




We Install Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ। ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਮਜੀਠੀਆ ਨੇ 500 ਪੀਪੀਈ ਕਿਟਾਂ ਵੰਡੀਆਂ, ਐਸ ਡੀ ਐਮ ਤੋਂ ਦਿਹਾੜੀਦਾਰ ਲੋਕਾਂ ਲਈ ਆਰਥਿਕ ਪੈਕਜ ਦੀ ਮੰਗ ਕੀਤੀ

ਅੰਮ੍ਰਿਤਸਰ 14 ਅਪ੍ਰੈਲ (ਗਿਆਨ ਸਿੰਘ) ਸਾਬਕਾ ਮੰਤਰੀ ਸਰਦਾਰ ਬਿਕਰਮ ਸਿੰਘ ਮਜੀਠੀਆ ਨੇ ਅੱਜ ਮਜੀਠਾ ਵਿਖੇ ਸਿਹਤ ਕਰਮਚਾਰੀਆਂ, ਆੜ੍ਹਤੀਆਂ, ਮਜ਼ਦੂਰਾਂ, ਪੁਲਿਸ ਕਰਮਚਾਰੀਆਂ ਅਤੇ ਪੱਤਰਕਾਰਾਂ ਨੂੰ ਤਕਰੀਬਨ 500 ਪੀਪੀਈ ਕਿਟਾਂ ਵੰਡੀਆਂ। ਇਸ ਤੋਂ ਇਲਾਵਾ ਉਹਨਾਂ ਨੇ ਡਿਪਟੀ ਕਮਿਸ਼ਨਰ ਨੂੰ ਵੀ ਪੀਪੀਈ ਕਿਟਾਂ ਦਿੱਤੀਆਂ।

ਅੱਜ ਮਜੀਠਾ ਹਲਕੇ ਵਿਚ ਆਏ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨੇ ਆੜ੍ਹਤੀਆਂ ਅਤੇ ਪੁਲਿਸ ਕਰਮਚਾਰੀਆਂ ਨਾਲ ਗੱਲਬਾਤ ਕੀਤੀ, ਇਸ ਤੋਂ ਬਾਅਦ ਉਹ ਐਸਡੀਐਮ ਦਫ਼ਤਰ ਗਏ ਅਤੇ ਉਹਨਾਂ ਸਾਰੇ ਵਿਅਕਤੀਆਂ ਲਈ ਇੱਕ ਆਰਥਿਕ ਪੈਕਜ ਦੀ ਮੰਗ ਕੀਤੀ, ਜਿਹੜੇ ਆਪਣਾ ਰੁਜ਼ਗਾਰ ਗੁਆ ਚੁੱਕੇ ਹਨ। ਉਹਨਾਂ ਕਿਹਾ ਕਿ ਸਰਕਾਰ ਨੂੰ ਦਿਹਾੜੀਦਾਰਾਂ ਦੇ ਖਾਤਿਆਂ ਵਿਚ 6 ਹਜ਼ਾਰ ਰੁਪਏ ਜਮ੍ਹਾਂ ਕਰਵਾ ਕੇ ਉਹਨਾਂ ਦੀ ਸਿੱਧੀ ਮੱਦਦ ਕਰਨੀ ਚਾਹੀਦੀ ਹੈ ਅਤੇ ਗੰਨਾ ਉਤਪਾਦਕਾਂ ਦੇ 1000 ਕਰੋੜ ਰੁਪਏ ਦੇ ਬਕਾਏ ਜਾਰੀ ਕਰਨੇ ਚਾਹੀਦੇ ਹਨ। ਉਹਨਾਂ ਕਿਹਾ ਕਿ ਇਸੇ ਤਰ੍ਹਾਂ ਕਣਕ ਉਤਪਾਦਕਾਂ ਨੂੰ 50 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪਿਛਲੇ ਮਹੀਨੇ ਹੋਈ ਬੇਮੌਸਮੀ ਬਾਰਿਸ਼ ਕਰਕੇ ਫਸਲਾਂ ਦੇ ਹੋਏ ਭਾਰੀ ਨੁਕਸਾਨ ਲਈ ਆਲੂ ਅਤੇ ਸ਼ਬਜ਼ੀਆਂ ਦੇ ਕਾਸ਼ਤਕਾਰਾਂ ਨੂੰ ਵੀ ਨਗਦ ਰਾਹਤ ਦੇਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਇਹਨਾਂ ਔਖੇ ਸਮਿਆਂ ਵਿਚ ਦੁੱਧ ਉਤਪਾਦਕਾਂ ਦੇ ਹੋਰ ਰਹੇ ਨੁਕਸਾਨ ਦੀ ਭਰਪਾਈ ਲਈ ਉਹਨਾਂ ਨੂੰ 5 ਰੁਪਏ ਪ੍ਰਤੀ ਲੀਟਰ ਬੋਨਸ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਸਰਕਾਰ ਨੇ ਇਸ ਸੰਕਟ ਦੇ ਸਮੇਂ ਵਿਚ ਦੁੱਧ ਦਾ ਖਰੀਦ ਰੇਟ ਘਟਾ ਦਿੱਤਾ ਹੈ।



ਕੋਵਿਡ-19 ਦੇ ਮਰੀਜ਼ਾਂ ਦੀ ਸੰਭਾਲ ਵਿਚ ਜੁਟੇ ਡਾਕਟਰਾਂ, ਨਰਸਾਂ, ਐਂਬੂਲੈਂਸ ਸਟਾਫ ਅਤੇ ਬਾਕੀ ਸਿਹਤ ਕਾਮਿਆਂ ਦੀ ਬਹਾਦਰੀ ਦੀ ਸ਼ਲਾਘਾ ਕਰਦਿਆਂ ਉਹਨਾਂ ਕਿਹਾ ਕਿ ਇਹਨਾਂ ਸਾਰੇ ਲੋਕਾਂ ਵੱਲੋਂ ਇਸ ਸੰਕਟ ਦੀ ਘੜੀ ਵਿਚ ਮਨੁੱਖਤਾ ਦੀ ਕੀਤੀ ਜਾ ਰਹੀ ਸੇਵਾ ਨੂੰ ਵੇਖਦਿਆਂ ਇਹਨਾਂ ਦੀਆਂ ਤਨਖਾਹਾਂ ਤੁਰੰਤ ਦੁੱਗਣੀਆਂ ਕਰ ਦੇਣੀਆਂ ਚਾਹੀਦੀਆਂ ਹਨ। ਉਹਨਾਂ ਨੇ ਏਐਸਆਈ ਹਰਜੀਤ ਸਿੰਘ ਦੀ ਬਹਾਦਰੀ ਨੂੰ ਸਲਾਮ ਕੀਤਾ, ਜਿਸ ਨੇ ਪਟਿਆਲਾ ਵਿਖੇ ਸਮਾਜ ਵਿਰੋਧੀ ਅਨਸਰਾਂ ਵੱਲੋਂ ਹਮਲੇ ਮੌਕੇ ਪੂਰੀ ਬਹਾਦਰੀ ਅਤੇ ਠਰ੍ਹੰਮੇ ਦਾ ਸਬੂਤ ਦਿੱਤਾ, ਜਿਸ ਦੌਰਾਨ ਉਸ ਦਾ ਇੱਕ ਹੱਥ ਵੀ ਕੱਟਿਆ ਗਿਆ। ਉਹਨਾਂ ਕਿਹਾ ਕਿ ਸਮੁੱਚੀ ਪੁਲਿਸ ਫੋਰਸ ਲਈ ਇੱਕ ਬਹਾਦਰੀ ਦੀ ਮਿਸਾਲ ਕਾਇਮ ਕਰਨ ਵਾਲੇ ਇਸ ਪੁਲਿਸ ਕਰਮਚਾਰੀ ਨੂੰ ਸਨਮਾਨ ਵਜੋਂ ਤਰੱਕੀ ਦਿੱਤੀ ਜਾਣੀ ਚਾਹੀਦੀ ਹੈ।

ਮਜੀਠਾ ਵਿਧਾਇਕ ਨੇ ਇੱਥੇ ਦੀ ਦਾਣਾ ਮੰਡੀ ਵਿਚ ਆੜ੍ਹਤੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਕਣਕ ਦੀ ਖਰੀਦ ਦੌਰਾਨ ਇਸਤੇਮਾਲ ਕਰਨ ਲਈ ਦਸਤਾਨੇ ਅਤੇ ਮਾਸਕ ਵੰਡੇ। ਇਸ ਮੌਕੇ ਆੜ੍ਹਤੀਆਂ ਐਸੋਸੀਏਸ਼ਨ ਨੇ ਅਪੀਲ ਕੀਤੀ ਕਿ ਮੰਡੀਆਂ ਵਿਚ ਕੰਮ ਕਰਨ ਵਾਲੇ ਸਾਰੇ ਮਜ਼ਦੂਰਾ ਦਾ ਬੀਮਾ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਇਹ ਵੀ ਅਪੀਲ ਕੀਤੀ ਕਿ ਉਹਨਾਂ ਦਾ 200 ਕਰੋੜ ਰੁਪਏ ਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ ਅਤੇ ਉਹਨਾਂ ਨੂੰ ਕਣਕ ਦੀ ਫਸਲ ਦੀ ਅਦਾਇਗੀ ਮੌਕੇ ਕਿਸਾਨਾਂ ਨੂੰ ਦਿੱਤੇ ਕਰਜ਼ੇ ਦੇ ਪੈਸੇ ਕੱਟਣ ਦੀ ਆਗਿਆ ਦਿੱਤੀ ਜਾਵੇ। ਸਰਦਾਰ ਮਜੀਠੀਆ ਨੇ ਕਿਹਾ ਕਿ ਉਹ ਉਹਨਾਂ ਦੇ ਮਸਲੇ ਸੂਬਾ ਸਰਕਾਰ ਕੋਲ ਉਠਾਉਣਗੇ। ਬਾਅਦ ਵਿਚ ਅਕਾਲੀ ਆਗੂ ਡਿਪਟੀ ਕਮਿਸ਼ਨਰ ਸ਼ਿਵ ਦੁਲਾਰ ਸਿੰਘ ਢਿੱਲੋਂ ਨੂੰ ਵੀ ਮਿਲੇ। ਉਹਨਾਂ ਨੇ ਕੱਲ੍ਹ ਤੋਂ ਕਣਕ ਦੀ ਵਾਢੀ ਸ਼ੁਰੂ ਹੋਣ ਕਰਕੇ ਹਜ਼ਾਰਾਂ ਕਿਸਾਨਾਂ ਅਤੇ ਮਜ਼ਦੂਰਾਂ ਦੀ ਖੇਤਾਂ ਅਤੇ ਮੰਡੀਆਂ ਵਿਚ ਆਮਦ ਦੇ ਮੱਦੇਨਜ਼ਰ ਲੋੜੀਂਦੇ ਸੁਰੱਖਿਆ ਪ੍ਰਬੰਧ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਉਹਨਾਂ ਇਸ ਗੱਲ ੍ਰਤੇ ਵੀ ਜ਼ੋਰ ਦਿੱਤਾ ਕਿ ਗਰੀਬਾਂ ਅਤੇ ਲੋੜਵੰਦਾਂ ਨੂੰ ਰਾਸ਼ਨ ਵੰਡਦੇ ਸਮੇਂ ਪੂਰੀ ਪਾਰਦਰਸ਼ਿਤਾ ਹੋਣੀ ਚਾਹੀਦੀ ਹੈ ਅਤੇ ਖੁਲਾਸਾ ਕੀਤਾ ਕਿ ਕੁੱਝ ਕਾਂਗਰਸੀਆਂ ਵੱਲੋਂ ਸਰਕਾਰੀ ਰਾਹਤ ਸਮੱਗਰੀ ਦਾ ਸਿਆਸੀਕਰਨ ਕੀਤਾ ਜਾ ਰਿਹਾ ਹੈ।

ਸਰਦਾਰ ਮਜੀਠੀਆ ਮਜੀਠਾ ਵਿਚ ਡੀਐਸਪੀ ਅਤੇ ਐਸਡੀਐਮ ਦਫਤਰਾਂ ਵਿਚ ਵੀ ਗਏ, ਜਿੱਥੇ ਉਹਨਾਂ ਨੇ ਪੀਪੀਈ ਕਿੱਟਾਂ ਵੰਡੀਆਂ ਅਤੇ ਮਾਰਕੀਟ ਕਮੇਟੀ ਦੇ ਦਫ਼ਤਰ ਲਈ ਵੀ ਪੀਪੀਈ ਕਿਟਾਂ ਦਿੱਤੀਆਂ। ਉਹਨਾਂ ਨੇ ਸਿਵਲ, ਪੁਲਿਸ ਪ੍ਰਸਾਸ਼ਨ ਅਤੇ ਸਿਹਤ ਕਾਮਿਆਂ ਦਾ ਧੰਨਵਾਦ ਕੀਤਾ ਜੋ ਕਿ ਲੋਕਾਂ ਦੀ ਸੁਰੱਖਿਆ ਲਈ ਜੋਖ਼ਮ ਉਠਾ ਰਹੇ ਹਨ। ਉਹਨਾਂ ਨੇ ਵੱਖਰੇ ਤੌਰ ਤੇ ਪੱਤਰਕਾਰਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਅਪੀਲ ਕੀਤੀ ਕਿ ਉਹ ਡਿਊਟੀ ਕਰਦੇ ਸਮੇਂ ਸਾਰੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ। ਇਸ ਮੌਕੇ ਸਰਦਾਰ ਮਜੀਠੀਆ ਨੇ ਪੱਤਰਕਾਰਾਂ ਨੂੰ ਪੀਪੀਈ ਕਿਟਾਂ ਵੀ ਦਿੱਤੀਆਂ। ਉਹਨਾਂ ਐਲਾਨ ਕੀਤਾ ਕਿ ਆਉਣ ਵਾਲੇ ਸਮੇਂ ਵਿਚ ਉਹਨਾਂ ਵੱਲੋਂ ਹੋਰ ਪੀਪੀਈ ਕਿਟਾਂ ਵੰਡੀਆਂ ਜਾਣਗੀਆਂ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday.* Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


## ਵਿਸ਼ਵ ਆਗੂਆਂ ਵੱਲੋਂ ਖਾਲਸੇ ਦੇ ਪ੍ਰਗਟ ਦਿਵਸ ਮੌਕੇ ਸਿੱਖਾਂ ਨੂੰ ਸ਼ੁੱਭ ਕਾਮਨਾਵਾਂ ਦਾ ਭਾਈ ਲੌਂਗੋਵਾਲ ਵੱਲੋਂ ਸਵਾਗਤ

### ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਸਭ ਦਾ ਧੰਨਵਾਦ

ਅੰਮ੍ਰਿਤਸਰ, 14 ਅਪ੍ਰੈਲ(ਗਿਆਨ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਮੌਕੇ ਵੱਖ ਵੱਖ ਦੇਸ਼ਾਂ ਦੇ ਆਗੂਆਂ ਵੱਲੋਂ ਆਪਣੇ ਵਧਾਈ ਸੰਦੇਸ਼ ਵਿਚ ਸਿੱਖਾਂ ਦੀ ਪ੍ਰਸ਼ੰਸਾ ਕਰਨ 'ਤੇ ਧੰਨਵਾਦ ਕੀਤਾ ਹੈ। ਦੱਸਣਯੋਗ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਯੂਐਨਓ ਦੇ ਅੰਡਰ ਸੈਕਟਰੀ ਐਡਮਾ ਡਿਆਂਗ, ਯੂਕੇ ਤੋਂ ਪ੍ਰਿੰਸ ਚਾਰਲਸ ਆਦਿ ਨੇ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਸਿੱਖਾਂ ਨੂੰ ਸ਼ੁੱਭ ਕਾਮਨਾਵਾਂ ਭੇਜੀਆਂ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਸ਼ੁੱਧ ਪੰਜਾਬੀ ਸ਼ੈਲੀ ਵਿਚ ਬੁਲਾਈ ਫਤਹਿ ਖਾਸ ਚਰਚਾ ਵਿਚ ਹੈ। ਇਸ ਤੋਂ ਇਲਾਵਾ ਯੂਐਨਓ ਵੱਲੋਂ ਕਿਸੇ ਧਰਮ ਦੇ ਤਿਉਹਾਰ ਸਮੇਂ ਪਹਿਲੀ ਵਾਰ ਵਧਾਈ ਸੁਨੇਹੇ ਦੀ ਵੀ ਤਾਰੀਫ ਹੋ ਰਹੀ ਹੈ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਵਿਸ਼ਵ ਆਗੂਆਂ ਵੱਲੋਂ ਸਿੱਖਾਂ ਲਈ ਭਾਵਪੂਰਤ ਸ਼ਬਦਾਂ ਵਿਚ ਪ੍ਰਸ਼ੰਸਾਂ ਕਰਨੀ ਸਵਾਗਤਯੋਗ ਹੈ।



ਉਨ੍ਹਾਂ ਕਿਹਾ ਕਿ ਇਹ ਸਿੱਖਾਂ ਵੱਲੋਂ ਗੁਰੂ ਮਾਰਗ ਅਨੁਸਾਰ ਚੱਲ ਕੇ ਬਣਾਈ ਪਛਾਣ ਦਾ ਨਤੀਜਾ ਹੈ। ਸਿੱਖ ਕੌਮ ਦੀ ਵਿਰਾਸਤ ਸਰਬੱਤ ਦਾ ਭਲਾ ਸਿਖਾਉਂਦੀ ਹੈ ਅਤੇ ਖਾਲਸਾ ਪੰਥ ਹਮੇਸ਼ਾਂ ਹੀ ਲੋੜਵੰਦਾਂ ਦੀ ਮੱਦਦ ਲਈ ਮੋਹਰੀ ਰਿਹਾ ਹੈ। ਵੱਖ-ਵੱਖ ਦੇਸ਼ਾਂ ਦੇ ਵੱਡੇ ਆਗੂਆਂ ਵੱਲੋਂ ਸਿੱਖਾਂ ਦੇ ਕੰਮਾਂ ਦੀ ਸ਼ਲਾਘਾ ਕਰਨੀ ਵੱਡੇ ਸਨਮਾਨ ਤੋਂ ਘੱਟ ਨਹੀਂ ਹੈ।

ਭਾਈ ਲੌਂਗੋਵਾਲ ਨੇ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਿੱਖ ਕੌਮ ਲਈ ਦਿੱਤਾ ਗਿਆ ਸੁਨੇਹਾ ਬਹੁਤ ਹੀ ਭਾਵਪੂਰਤ ਹੈ। ਖਾਸਕਰ ਉਨ੍ਹਾਂ ਵੱਲੋਂ ਆਪਣੇ ਸੁਨੇਹੇ ਵਿਚ ਜਿਸ ਸਤਿਕਾਰ ਨਾਲ ਗੁਰੂ ਬਖਸ਼ਿਸ਼ ਫਤਹਿ ਬੁਲਾਈ ਗਈ ਹੈ ਉਸ ਨੇ ਸਿੱਖ ਕੌਮ ਦਾ ਦਿਲ ਜਿੱਤ ਲਿਆ ਹੈ। ਇਸ ਦੇ ਨਾਲ ਹੀ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਮੁੱਲਵਾਨ ਦੱਸਦਿਆਂ ਉਸ ਵੱਲੋਂ ਸਿੱਖਾਂ ਦੀਆਂ ਪ੍ਰਾਪਤੀਆਂ ਤੇ ਸੇਵਾਵਾਂ ਦੀ ਸ਼ਲਾਘਾ ਕਰਨੀ ਵੀ ਸਿੱਖਾਂ ਲਈ ਮਾਣ ਦਾ ਲਖਾਇਕ ਹੈ।

ਯੂਐਨਓ ਵੱਲੋਂ ਆਪਣੇ ਚਾਰਟਰ ਵਿਚ ਗੁਰਬਾਣੀ ਦੀਆਂ ਦੋ ਪੰਕਤੀਆਂ ਸ਼ਾਮਲ ਕਰਨਾ ਵੀ ਸਿੱਖ ਕੌਮ ਲਈ ਮਾਣਮੱਤਾ ਪੰਨਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਾ ਮੌਕਾ ਹੈ ਜਦੋਂ ਯੂਐਨਓ ਦੇ ਅੰਡਰ ਸੈਕਟਰੀ ਜਨਰਲ ਐਡਮਾ ਡਿਆਂਗ ਵੱਲੋਂ ਸਿੱਖਾਂ ਨੂੰ ਵਧਾਈ ਤੇ ਸ਼ੁਭਕਾਮਨਾਵਾਂ ਪ੍ਰਾਪਤ ਹੋਈਆਂ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵੀ ਵਿਸ਼ਵ ਅਗੂਆਂ ਨੇ ਖਾਲਸੇ ਦੇ ਪ੍ਰਗਟ ਦਿਵਸ ਮੌਕੇ ਸਿੱਖ ਕੌਮ ਨੂੰ ਮੁਬਾਰਕਬਾਦ ਭੇਜੀ ਹੈ, ਸ਼੍ਰੋਮਣੀ ਕਮੇਟੀ ਸਭ ਦਾ ਧੰਨਵਾਦ ਕਰਦੀ ਹੈ।

## ਪਾਕਿਸਤਾਨ ਵਿੱਚ ਕੋਰੋਨਾ ਦੇ 334 ਨਵੇਂ ਕੇਸ ਪਤਾ ਲੱਗੇ, ਮੌਤਾਂ ਦੀ ਗਿਣਤੀ 93 ਹੋਈ

ਇਸਲਾਮਾਬਾਦ, 14 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਵਿਚ ਕੋਰੋਨਾ ਦੀ ਮਹਾਮਾਰੀ ਵਾਲੇ 334 ਨਵੇਂ ਕੇਸ ਪਤਾ ਲੱਗਣ ਨਾਲ ਮੰਗਲਵਾਰ ਸ਼ਾਮ ਤਕ ਕੋਰੋਨਾ ਤੋਂ ਪ੍ਰਭਾਵਿਤ ਹੋ ਚੁੱਕੇ ਲੋਕਾਂ ਦੀ ਗਿਣਤੀ 5374 ਤਕ ਹੋ ਗਈ ਅਤੇ ਸੱਤ ਹੋਰ ਲੋਕਾਂ ਦੀ ਮੰਗਲਵਾਰ ਨੂੰ ਮੌਤ ਹੋਣ ਨਾਲ ਕੁੱਲ ਮੌਤਾਂ ਦੀ ਗਿਣਤੀ 93 ਤਕ ਪਹੁੰਚ ਗਈ ਹੈ।

ਇਸ ਦੌਰਾਨ ਪਾਕਿਸਤਾਨ ਦੇ ਕੌਮੀ ਸਿਹਤ ਸੇਵਾ ਮੰਤਰਾਲੇ ਵੱਲੋਂ ਦੱਸਣ ਮੁਤਾਬਕ ਮੰਗਲਵਾਰ ਸ਼ਾਮ ਤਕ ਇਸ ਦੇ ਪੰਜਾਬ ਰਾਜ ਵਿੱਚ ਕੋਰੋਨਾ ਦੇ 2594 ਕੇਸ, ਸਿੰਧ ਵਿੱਚ 1411, ਖ਼ੈਬਰ ਪਖਤੂਨਖਵਾ 744, ਬਲੋਚਿ-ਸਤਾਨ ਵਿੱਚ 230, ਗਿਲਗਿਤ-ਬਾਲਟਿਸਤਾਨ 224, ਇਸਲਾਮਾ-ਬਾਦ 131 ਤੇ ਪਾਕਿ ਕਬਜ਼ੇ ਵਾਲੇ ਕਸ਼ਮੀਰ ਵਿਚ 40 ਕੇਸ ਪਤਾ ਲੱਗੇ ਹਨ।

ਦੂਸਰੇ ਪਾਸੇ ਪਾਕਿਸਤਾਨ ਦੇ 50 ਤੋਂ ਵੱਧ ਮੌਲਵੀਆਂ ਦੇ ਇਕ ਗਰੁੱਪ ਨੇ ਕੋਰੋਨਾ ਦੀ ਬਿਮਾਰੀ ਦੇ ਕਾਰਨ ਧਾਰਮਿਕ ਸਮਾਗਮਾਂ ਉੱਤੇ ਪਾਬੰਦੀ ਲਾਉਣ ਦੇ ਖਿਲਾਫ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ। ਇਸ ਸੰਬੰਧ ਵਿੱਚ ਮੌਲਵੀਆਂ ਨੇ ਕਿਹਾ ਹੈ ਕਿ ਸਰਕਾਰ ਨੂੰ ਧਾਰਮਿਕ ਅਸੂਲਾਂ ਦੀ ਪਾਲਣਾ ਕਰਦਿਆਂ ਵੱਧ ਤੋਂ ਵੱਧ ਲੋਕਾਂ ਨੂੰ ਮਸਜਿਦਾਂ ਵਿਚ ਜਾਣ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ। ਵਰਨਣ ਯੋਗ ਹੈ ਕਿ ਕੋਰੋਨਾ ਨੂੰ ਫੈਲਣ ਤੋਂ ਰੋਕਣ ਲਈ ਸਰਕਾਰ ਨੇ ਮਸਜਿਦਾਂ ਵਿਚ ਨਮਾਜ਼ ਪੜ੍ਹਨ ਤੇ ਪੰਜ ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ਉੱਤੇ ਪਾਬੰਦੀ ਲਾਈ ਹੈ। ਸਰਕਾਰ ਵੱਲੋਂ ਇਹ ਪਾਬੰਦੀ ਲਾਉਣ ਤੇ ਸੋਸ਼ਲ ਡਿਸਟੈਂਸਿੰਗ ਦੇ ਹੁਕਮ ਵਿਰੁੱਧ 53 ਤੋਂ ਵੱਧ ਮੌਲਵੀਆਂ, ਜਿਹੜੇ ਰਾਵਲਪਿੰਡੀ ਅਤੇ ਇਸਲਾਮਾਬਾਦ ਤੋਂ ਆਏ ਸਨ, ਨੇ ਜਾਮੀਆ ਦਾਰੁਲ ਉਲੂਮ ਜ਼ਕਰੀਆ ਮਸਜਿਦ ਵਿਚ ਮੀਟਿੰਗ ਕਰ ਕੇ ਚਿਤਾਵਨੀ ਦਿੱਤੀ ਹੈ ਕਿ ਅਪ੍ਰੈਲ ਦੇ ਅੰਤ ਤੋਂ ਸ਼ੁਰੂ ਹੋ ਰਹੇ ਰਮਜ਼ਾਨ ਦੇ ਮਹੀਨੇ ਵਿੱਚ ਏਦਾਂ ਦੀਆਂ ਪਾਬੰਦੀਆਂ ਨੂੰ ਉਹ ਬਰਦਾਸ਼ਤ ਨਹੀਂ ਕਰਨਗੇ। ਜਾਮੀਆ ਦਾਰੁਲ ਉਲੂਮ ਜ਼ਕਾਰੀਆ ਮਸਜਿਦ ਦੇ ਪੀਰ ਅਜ਼ੀਜ਼ੁਰ ਰਹਿਮਾਨ ਹਜ਼ਾਰਵੀ ਨੇ ਕਿਹਾ ਕਿ ਮਸਜਿਦਾਂ ਅਤੇ ਜੁੰਮੇ ਦੀ ਨਮਾਜ਼ ਨੂੰ ਬੰਦ ਕਰਨਾ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੀਟਿੰਗ ਵਿੱਚ ਇਕੱਠੇ ਹੋਏ ਮੌਲਵੀ ਸੋਸ਼ਲ ਡਿਸਟੈਂਸਿੰਗ ਭੁਲਾ ਕੇ ਇਕੱਠੇ ਬੈਠੇ ਹੋਏ ਸਨ।

*** ਮੌਲਵੀਆਂ ਵੱਲੋਂ ਧਾਰਮਿਕ ਸਮਾਗਮਾਂ ਉੱਤੇ ਪਾਬੰਦੀ ਦਾ ਵਿਰੋਧ**




BEST CANADIAN TRUCK & FORKLIFT TRAINING CENTRE
BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005





- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host
Iqbal Mahal
Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/Host
Cell: 416 662 1313
Email: punjabirang13@hotmail.com

# ਮਹਾਂਮਾਰੀ ਕਰੋਨਾ ਦਾ ਪ੍ਰਕੋਪ ਤੇ ਰਾਹਤ: ਭਾਰਤ ਤੇ ਕੈਨੇਡਾ ਦੇ ਵਿਸ਼ੇਸ਼ ਸੰਦਰਭ ’ਚ...



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 84377-27375


ਕੋਰੋਨਾ ਵਾਇਰਸ ਦੀ ਦਹਿਸ਼ਤ ਅੱਜਕੱਲ੍ਹ ਸਾਰੀ ਦੁਨੀਆਂ ਵਿਚ ਹੈ। ਦੁਨੀਆਂ ਦੇ ਲੱਗਭੱਗ ਸਾਰੇ ਹੀ ਦੇਸ਼ ਇਸ ਦੀ ਲਪੇਟ ਵਿਚ ਆਏ ਹੋਏ ਹਨ। ਕੋਈ ਇੱਕਾ-ਦੁੱਕਾ ਹੀ ਸ਼ਾਇਦ ਬਚਿਆ ਹੋਵੇ। ਇਸ ਦੀ ਸ਼ੁਰੂਆਤ ਤਾਂ ਦਸੰਬਰ 2019 ਵਿਚ ਹੀ ਚੀਨ ਦੇ 'ਵੂਹਾਨ' ਸ਼ਹਿਰ ਤੋਂ ਹੋਈ ਸੀ ਅਤੇ ਇਸ ਦਾ ਅੰਤਰ-ਰਾਸ਼ਟਰੀ ਪੱਧਰ 'ਤੇ ਨਾਮਕਰਣ 'ਕੋਵਿਡ-19' ਵੀ ਇਸ ਦੇ ਸਾਲ 2019 ਵਿਚ ਸ਼ੁਰੂ ਹੋਣ ਕਰਕੇ ਹੀ ਰੱਖਿਆ ਗਿਆ ਹੈ, ਪਰ ਇਸ ਦਾ ਪਤਾ ਚੀਨ ਅਤੇ ਕੁਝ ਹੋਰ ਦੇਸ਼ਾਂ ਦੇ ਲੋਕਾਂ ਨੂੰ ਜਨਵਰੀ/ਫ਼ਰਵਰੀ ਵਿਚ ਜਾਂ ਬਹੁਤਿਆਂ ਨੂੰ ਮਾਰਚ 2020 ਦੇ ਅੱਧ ਵਿਚ ਹੀ ਲੱਗਿਆ। ਪਤਾ ਨਹੀਂ ਚੀਨ ਵੱਲੋਂ ਕਰੋਨਾ ਦੇ ਫ਼ੈਲਣ ਦੇ ਇਸ ਰਾਜ਼ ਨੂੰ ਛੁਪਾਇਆ ਗਿਆ ਜਾਂ ਫਿਰ ਇਸ ਦਾ ਕੋਈ ਹੋਰ ਸਬੱਬ ਵੀ ਹੋਵੇ। ਉਥੋਂ ਇਹ ਹੌਲੀ-ਹੌਲੀ ਹਵਾਈ ਜਹਾਜ਼ਾਂ ਦੇ ਮੁਸਾਫ਼ਰਾਂ ਰਾਹੀਂ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਗਈ। ਚੀਨ ਵਿਚ ਇਸ ਵਾਇਰਸ ਦੇ 82,160 ਕੇਸ ਸਾਹਮਣੇ ਆਏ ਸਨ ਅਤੇ ਉਨ੍ਹਾਂ ਵਿੱਚੋਂ 77,663 ਠੀਕ ਹੋ ਗਏ ਹਨ, ਜਦਕਿ 3341 ਲੋਕ ਇਸ ਬੀਮਾਰੀ ਦੀ ਭੇਂਟ ਚੜ੍ਹ ਗਏ ਪਰ ਚੀਨੀਆਂ ਨੇ ਸਖ਼ਤ ਕਦਮ ਲੈ ਕੇ ਇਸ ਬੀਮਾਰੀ ਤੋਂ ਪੀੜਤ ਲੋਕਾਂ ਨੂੰ ਦੂਸਰਿਆਂ ਨਾਲੋਂ ਵੱਖ ਕਰਕੇ ਦੋ ਕੁ ਮਹੀਨਿਆਂ ਵਿਚ ਇਸ ਉੱਪਰ ਕਾਬੂ ਪਾ ਲਿਆ ਹੈ, ਜਦ ਕਿ ਦੁਨੀਆਂ ਦੇ ਦੂਸਰੇ ਲੋਕ ਇਸ ਨਾਲ ਅਜੇ ਪੂਰੀ ਤਰ੍ਹਾਂ ਜੂਝ ਰਹੇ ਹਨ। ਦੁਨੀਆਂ ਦੇ ਸਾਰੇ ਦੇਸ਼ਾਂ ਵਿਚ 14 ਅਪ੍ਰੈਲ ਦੀ ਸਵੇਰ ਦੇ 10.00 ਵਜੇ ਤੱਕ 19,19, 913 ਲੋਕ ਇਸ ਦੇ ਅਸਰ ਹੇਠ ਦੱਸੇ ਜਾ ਰਹੇ ਹਨ ਅਤੇ 1,19,666 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ ਹੁਣ ਤੀਕ 4,49,589 ਲੋਕ ਇਸ ਬੀਮਾਰੀ ਤੋਂ ਠੀਕ ਵੀ ਹੋ ਚੁੱਕੇ ਹਨ। ਹੋਰ ਬਹੁਤ ਸਾਰੇ ਇਸ ਵਾਇਰਸ ਨਾਲ ਜੂਝ ਰਹੇ ਹਨ। ਹੋਰ ਤਾਂ ਹੋਰ, ਦੁਨੀਆਂ ਦੇ ਸੱਭ ਤੋਂ ਤਾਕਤਵਰ ਦੇਸ਼ ਅਮਰੀਕਾ ਇਸ ਵੇਲੇ ਸੱਭ ਤੋਂ ਵਧੇਰੇ ਇਸ ਮਹਾਂਮਾਰੀ ਦੀ ਜਕੜ ਵਿਚ ਹੈ। ਇੱਥੋਂ ਦੇ 5,64,398 ਤੋਂ ਵਧੇਰੇ ਲੋਕ ਇਸ ਦੀ ਪਕੜ ਵਿਚ ਆ ਚੁੱਕੇ ਹਨ ਅਤੇ ਇੱਥੇ ਇਸ ਨਾਲ ਮਰਨ ਵਾਲਿਆਂ ਦੀ ਗਿਣਤੀ ਵੀ 22, 858 ਤੋਂ ਉੱਪਰ ਹੋ ਚੁੱਕੀ ਹੈ ਜੋ ਦੁਨੀਆਂ ਦੇ ਹੋਰ ਕਿਸੇ ਵੀ ਦੇਸ਼ ਨਾਲੋਂ ਵਧੇਰੇ ਹੈ, ਭਾਵੇਂ ਉਹ ਇਟਲੀ, ਇੰਗਲੈਂਡ, ਸਪੇਨ, ਚੀਨ, ਜਰਮਨੀ ਜਾਂ ਕੋਈ ਹੋਰ ਹੋਵੇ, ਜਿੱਥੇ ਇਹ ਇਸ ਤੋਂ ਪਹਿਲਾਂ ਸ਼ੁਰੂ ਹੋਈ ਸੀ। ਇਹ ਅੰਕੜੇ ਅਜੇ ਤਾਂ ਦਿਨੋਂ-ਦਿਨ ਵੱਧਦੇ ਹੀ ਜਾ ਰਹੇ ਹਨ। ਇਸ ਦਾ ਮੁੱਖ ਕਾਰਨ ਅਮਰੀਕਾ ਦੇ ਰਾਸ਼ਟਰਪਤੀ ਡੋਨਾਰਡ ਟਰੰਪ ਦਾ ਇਸ ਮਹਾਂਮਾਰੀ ਰੂਪੀ ਵਾਇਰਸ ‘ਕੋਰੋਨਾ’ ਨੂੰ ਆਮ ਸਧਾਰਨ ਵਾਇਰਸ ਵਜੋਂ ਹੀ ਲੈਣਾ ਅਤੇ ਇਸ ਦੇ ਪ੍ਰਤੀ ਗੰਭੀਰ ਨਾ ਹੋਣਾ ਸਮਝਿਆ ਜਾ ਰਿਹਾ ਹੈ। ਟਰੰਪ ਦਾ ਇਹ ਕਹਿਣਾ ਕਿ ਇਹ ਵੀ ਦੂਸਰੀਆਂ ਵਾਇਰਸਾਂ ਵਾਂਗ ਹੀ ਇਕ ਵਾਇਰਸ ਹੈ ਤੇ ਇਹ ਹੌਲੀ-ਹੌਲੀ ਆਪਣੇ ਆਪ ਖ਼ਤਮ ਹੋ ਜਾਏਗੀ, ਅਤੇ ਇਸ ਤੋਂ ਵੀ ਹੋਰ ਅੱਗੇ ਜਾ ਕੇ ਇਹ ਵੀ ਕਹਿਣਾ ਕਿ ਜੇਕਰ ਇਸ ਨਾਲ ਲੱਖ-ਦੋ ਲੱਖ ਲੋਕ ਮਰ ਵੀ ਜਾਂਦੇ ਹਨ ਤਾਂ ਵੀ ਸਾਨੂੰ ਕੋਈ ਫ਼ਰਕ ਨਹੀਂ ਪੈਣ ਲੱਗਾ, ਉਸ ਦੀ ਇਸ ਮਹਾਂਮਾਰੀ ਪ੍ਰਤੀ ਗ਼ੈਰ-ਗੰਭੀਰਤਾ ਨੂੰ ਭਲੀ-ਭਾਂਤ ਦਰਸਾਉਂਦਾ ਹੈ। ਦੁਨੀਆਂ-ਭਰ ਦੇ ਲੋਕਾਂ ਨੇ ਟਰੰਪ ਦੀ ਇਸ ਨਾਂਹ-ਪੱਖੀ ਵਿਚਾਰਧਾਰਾ ਦਾ ਬੜਾ ਬੁਰਾ ਮਨਾਇਆ ਹੈ। ਉਨ੍ਹਾਂ ਦਾ ਖ਼ਿਆਲ ਹੈ ਕਿ ਟਰੰਪ ਇਸ ਸਾਰੇ ਕੁਝ ਨੂੰ ਸਿਆਸੀ ਦ੍ਰਿਸ਼ਟੀਕੋਨ ਤੋਂ ਹੀ ਵੇਖ ਰਿਹਾ ਹੈ ਅਤੇ ਉਸ ਦੀਆਂ ਨਜ਼ਰਾਂ ਕੇਵਲ ਤੇ ਕੇਵਲ ਨਵੰਬਰ 2020 ਵਿਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਦੀ ਚੋਣ ‘ਤੇ ਹੀ ਟਿਕੀਆਂ ਹੋਈਆਂ ਹਨ। ਇਸ ਦੇ ਮੁਕਾਬਲੇ ਭਾਰਤ ਅਤੇ ਕੈਨੇਡਾ ਸਮੇਤ ਬਹੁਤ ਸਾਰੇ ਦੇਸ਼ਾਂ ਨੇ ਇਸ ਘਟਨਾਕ੍ਰਮ ਨੂੰ ਪੂਰੀ ਗੰਭੀਰਤਾ ਨਾਲ ਲਿਆ ਹੈ ਅਤੇ ਇਨ੍ਹਾਂ ਦੇਸ਼ਾਂ ਵਿਚ ਇਸ ਸਮੇਂ ‘ਲੌਕ-ਡਾਊਨ’ ਦੀ ਸਥਿਤੀ ਚੱਲ ਰਹੀ ਹੈ ਜਿਸ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾ ਰਹੀ ਹੈ, ਜਦਕਿ ਅਮਰੀਕਾ ਵਿਚ ਅਜਿਹੀ ਗੱਲ ਨਹੀਂ ਹੈ ਅਤੇ ਉੱਥੇ ਕਾਫ਼ੀ ਹੱਦ ਤੀਕ ਅਜੇ ਵੀ ਢਿੱਲ ਵਰਤੀ ਜਾ ਰਹੀ ਹੈ।

140 ਕਰੋੜ ਦੀ ਆਬਾਦੀ ਵਾਲੇ ਭਾਰਤ ਵਿਚ 14 ਅਪ੍ਰੈਲ ਦੀ ਸਵੇਰ ਦੇ 10.00 ਵਜੇ ਤੱਕ ਇਸ ਮਹਾਂਮਾਰੀ ਤੋਂ ਪ੍ਰਭਾਵਿਤ ਲੋਕਾਂ ਦਾ ਅੰਕੜਾ 10,000 ਨੂੰ ਪਾਰ ਕਰਕੇ 10, 453 ਹੋ ਗਿਆ ਹੈ। ਇਨ੍ਹਾਂ ਵਿੱਚੋਂ 358 ਦੀ ਮੌਤ ਹੋ ਚੁੱਕੀ ਹੈ ਅਤੇ 1178 ਲੋਕ ਤੰਦਰੁਸਤ ਵੀ ਹੋਏ ਹਨ, ਜਦ ਕਿ 3 ਕਰੋੜ 40 ਲੱਖ ਦੀ ਜਨ-ਸੰਖਿਆ ਵਾਲੇ ਕੈਨੇਡਾ ਵਿਚ 25,680 ਲੋਕ ਇਸ ਦੀ ਪਕੜ ਵਿਚ ਹਨ ਅਤੇ ਇੱਥੇ 780 ਲੋਕਾਂ ਦੀ ਇਸ ਨਾਲ ਮੌਤ ਹੋ ਚੁੱਕੀ ਹੈ, ਜਦਕਿ 7,758 ਇਸ ਬੀਮਾਰੀ ਤੋਂ ਨਿਜਾਤ ਪਾ ਕੇ ਤੰਦਰੁਸਤ ਹੋ ਗਏ ਹਨ। ਕੈਨੇਡਾ ਦੇ ਸੱਭ ਤੋਂ ਵਧੇਰੇ ਕੇਸ ਇਸ ਦੇ ਸੂਬੇ ਕਿਊਬਿਕ ਵਿਚ ਹਨ ਅਤੇ ਮੌਤਾਂ ਵੀ ਵੱਡੀ ਗਿਣਤੀ ਵਿਚ ਉੱਥੇ ਹੀ ਹੋਈਆਂ ਹਨ। ਇਸ ਤੋਂ ਅਗਲਾ ਨੰਬਰ ਓਨਟਾਰੀਓ, ਅਲਬਰਟਾ, ਬੀ.ਸੀ., ਸੈਸਕੈੱਚਵਾਂ, ਆਦਿ ਸੂਬਿਆਂ ਦਾ ਆਉਂਦਾ ਹੈ ਜਿਸ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਹੈ। ਇਹ ਗਿਣਤੀ ਸਾਰੀ ਦੁਨੀਆਂ ਵਿਚ ਵੱਧਦੀ ਹੀ ਜਾ ਰਹੀ ਹੈ ਅਤੇ ਇਸ ਵਿਚ ਅਜੇ ਕੋਈ ਮੋੜਾ ਨਹੀਂ ਪੈ ਰਿਹਾ, ਸਿਵਾਏ ਚੀਨ ਦੇ ਜਿਸ ਨੇ ਸਾਰੇ ਦੇਸ਼ ਵਿਚ ਸਖ਼ਤੀ ਨਾਲ ਲੋਕਾਂ ਨੂੰ ‘ਏਕਾਂਤਵਾਸ’ ਵਿਚ ਰੱਖ ਕੇ ਇਸ ਉੱਪਰ ਕਾਫ਼ੀ ਹੱਦ ਤੀਕ ਕਾਬੂ ਪਾ ਲਿਆ ਹੈ। ਬੱਸ, ਏਹੀ ਹੁਣ ਤੀਕ ਇਸ ਮਹਾਂਮਾਰੀ ਦਾ ‘ਹੱਲ’ ਸਮਝਿਆ ਜਾ ਰਿਹਾ ਹੈ।

ਇਨ੍ਹਾਂ ਹਾਲਤਾਂ ਵਿਚ ਸੱਭ ਤੋਂ ਅਹਿਮ ਮਸਲਾ ਦੁਨੀਆਂ ਦੇ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਇਸ ਮਹਾਂਮਾਰੀ ਨਾਲ ਪੀੜਤ ਅਤੇ ਹੋਰ ਆਮ ਲੋਕਾਂ ਨੂੰ ਖਾਧ-ਸਮੱਗਰੀ, ਡਾਕਟਰੀ ਸਹਾਇਤਾ, ਦਵਾਈਆਂ, ਲੋੜੀਂਦੀਆਂ ਚੀਜ਼-ਵਸਤਾਂ ਅਤੇ ਵਿੱਤੀ-ਸਹਾਇਤਾ ਦੇ ਰੂਪ ਵਿਚ ਰਾਹਤ ਪਹੁੰਚਾਉਣ ਦਾ ਹੈ। ਹਰੇਕ ਦੇਸ਼ ਦੀ ਸਰਕਾਰ ਆਪੋ-ਆਪਣੇ ਪੱਧਰ ‘ਤੇ ਇਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਇੱਥੇ ਇਸ ਛੋਟੇ ਜਿਹੇ ਆਰਟੀਕਲ ਵਿਚ ਸਾਰੀ ਦੁਨੀਆਂ ਦੀ ਗੱਲ ਕਰਨੀ ਤਾਂ ਬਹੁਤ ਮੁਸ਼ਕਲ ਹੈ। ਅਸੀਂ ਇੱਥੇ ਦੋ ਦੇਸ਼ਾਂ ਭਾਰਤ ਅਤੇ ਕੈਨੇਡਾ ਦੀ ਸੰਖੇਪ ਵਿਚ ਕੁਝ ਕੁ ਗੱਲਾਂ ਜ਼ਰੂਰ ਕਰਦੇ ਹਾਂ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 22 ਮਾਰਚ ਨੂੰ ਐਲਾਨੇ ਗਏ ਦੇਸ਼-ਵਿਆਪੀ ‘ਜਨਤਕ ਕਰਫ਼ਿਊ’ ਤੋਂ ਬਾਅਦ 23 ਮਾਰਚ ਤੋਂ 14 ਅਪ੍ਰੈਲ ਤੱਕ ਤਿੰਨ ਹਫ਼ਤਿਆਂ ਲਈ ‘ਲੌਕ-ਡਾਊਨ’ ਦਾ ਐਲਾਨ ਕਰ ਦਿੱਤਾ ਗਿਆ ਸੀ ਜਿਸ ਦੀ ਪੂਰੇ ਦੇਸ਼ ਵਿਚ ਪਾਲਣਾ ਕੀਤੀ ਗਈ ਹੈ। ਵੱਖ-ਵੱਖ ਰਾਜਾਂ ਦੇ ਮੁੱਖ-ਮੰਤਰੀਆਂ ਅਤੇ ਸਰਕਾਰੀ ਨੁਮਾਇੰਦਿਆਂ ਨਾਲ ਵਿਚਾਰ-ਚਰਚਾ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਵੱਲੋਂ 14 ਅਪ੍ਰੈਲ ਨੂੰ ਕੌਮ ਨੂੰ ਕੀਤੇ ਗਏ ਆਪਣੇ ਸੰਬੋਧਨ ਵਿਚ ਇਸ ਲੌਕ-ਡਾਊਨ ਨੂੰ ਹੋਰ 20 ਦਿਨਾਂ ਲਈ 3 ਮਈ ਤੱਕ ਵਧਾ ਦਿੱਤਾ ਗਿਆ ਹੈ। 20 ਅਪ੍ਰੈਲ ਤੱਕ ਇਸ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਕਹਿੰਦੇ ਹੋਏ ਉਨ੍ਹਾਂ ਨੇ ਇਹ ਇਸ਼ਾਰਾ ਵੀ ਕੀਤਾ ਜਿਨ੍ਹਾਂ ਥਾਵਾਂ ‘ਤੇ ਇਸ ਦੀ ਪਾਲਣਾ ਸਹੀ ਢੰਗ ਨਾਲ ਹੋਵੇਗੀ ਅਤੇ ਸਥਿਤੀ ਵਿਚ ਸੁਧਾਰ ਵੇਖਣ ਵਿਚ ਆਏਗਾ, ਉੱਥੇ ਕੁਝ ਕੁ ਢਿੱਲ ਵੀ ਦਿੱਤੀ ਜਾ ਸਕਦੀ ਹੈ ਪਰ ਪਬਲਿਕ ਟ੍ਰਾਂਸਪਰੋਟ ਅਜੇ ਇੰਜ ਹੀ ਬੰਦ ਰਹੇਗੀ। ਇਸ ਦੌਰਾਨ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਰਾਜ-ਸਰਕਾਰਾਂ ਨੂੰ ਖਾਣ-ਪੀਣ ਦੀਆਂ ਚੀਜ਼ਾਂ ਵਸਤਾਂ, ਦਵਾਈਆਂ ਅਤੇ ਹੋਰ ਸਮੱਗਰੀ ਉਪਲੱਭਧ ਕਰਵਾਈ ਜਾ ਰਹੀ ਹੈ। ਪ੍ਰਧਾਨ-ਮੰਤਰੀ ਵੱਲੋਂ 28,256 ਕਰੋੜ ਰੁਪਏ ਦੀ ਵਿੱਤੀ-ਸਹਾਇਤਾ ਰਾਜ-ਸਰਕਾਰਾਂ ਨੂੰ ਭੇਜਣ ਲਈ ਕਿਹਾ ਗਿਆ ਹੈ। ਔਰਤਾਂ, ਰਜਿਸਟਰਡ ਉਸਾਰੀ ਵਰਕਰਾਂ, ‘ਮਨਰੇਗਾ ਸਕੀਮ’ ਅਧੀਨ ਕੰਮ ਕਰ ਰਹੇ ਕਾਮਿਆਂ, ਅਤੇ ਹੋਰ ਕਈ ਵਰਗਾਂ ਤੇ ਗ਼ਰੀਬਾਂ ਨੂੰ ਇਸ ਰਾਸ਼ੀ ਵਿੱਚੋਂ ਵਿੱਤੀ ਰਾਹਤ ਦਿੱਤੀ ਜਾਏਗੀ। ਇਸ ਤੋਂ ਇਲਾਵਾ ਸੂਬਾਈ ਸਰਕਾਰਾਂ ਵੱਲੋਂ ਵੀ ਲੋਕਾਂ ਨੂੰ ਰਾਹਤ ਪਹੁੰਚਾਉਣ ਦੀ ਗੱਲ ਕੀਤੀ ਜਾ ਰਹੀ ਹੈ। ਲੋੜਵੰਦਾਂ ਨੂੰ ਭੋਜਨ ਉਨ੍ਹਾਂ ਦੇ ਘਰਾਂ ਵਿਚ ਸਵੈ-ਸੇਵੀ ਸੰਸਥਾਵਾਂ ਅਤੇ ਪੋਲੀਸ ਦੀ ਮਦਦ ਨਾਲ ਪਹੁੰਚਾਇਆ ਜਾ ਰਿਹਾ ਹੈ।

ਹੁਣ ਜੇਕਰ ਕੈਨੇਡਾ ਦੀ ਗੱਲ ਕਰੀਏ ਤਾਂ ਉੱਥੇ ਇਕ ਹਫ਼ਤਾ ਪਹਿਲਾਂ ਇਸ ਦੇ ਵੱਖ-ਵੱਖ ਪ੍ਰੋਵਿੰਸਾਂ (ਸੂਬਿਆਂ) ਅਤੇ ਟੈਰੀਟਰੀਆਂ ਲਈ ਕੈਨੇਡਾ ਦੀ ਫ਼ੈੱਡਰਲ ਸਰਕਾਰ ਵੱਲੋਂ ਪਹਿਲਾਂ 82 ਬਿਲੀਅਨ ਡਾਲਰ ਦੀ ਰਾਸ਼ੀ ਮਨਜ਼ੂਰ ਕੀਤੀ ਗਈ ਸੀ ਜਿਸ ਵਿੱਚੋਂ 27 ਬਿਲੀਅਨ ਡਾਲਰ ਕੈਨੇਡੀਅਨਾਂ ਲਈ ਸਿੱਧੀ ਵਿੱਤੀ ਸਹਾਇਤਾ ਲਈ ਅਤੇ 55 ਬਿਲੀਅਨ ਡਾਲਰ ਬਿਜ਼ਨੈੱਸ-ਅਦਾਰਿਆਂ ਦੀ ਸਹਾਇਤਾ ਲਈ ਰੱਖੇ ਗਏ ਹਨ। ਇਸ ਰਾਸ਼ੀ ਨਾਲ ਕੋਵਿਡ-19 ਤੋਂ ਪ੍ਰਭਾਵਿਤ ਲੋਕਾਂ ਅਤੇ ਬਿਜ਼ਨੈੱਸ-ਅਦਾਰਿਆਂ ਦੀ ਵਿੱਤੀ-ਸਹਾਇਤਾ ਕੀਤੀ ਜਾ ਰਹੀ ਹੈ। ‘ਕੈਨੇਡਾ ਐਮਰਜੈਂਸੀ ਰੈੱਸਪਾਂਸ ਬੈਨੀਫ਼ਿਟ’ (ਸੀ.ਈ.ਆਰ.ਬੀ.) ਅਧੀਨ ਅਜਿਹੇ ਲੋਕਾਂ ਦੇ ਬੈਂਕ-ਖ਼ਾਤਿਆਂ ਵਿਚ ਹਰ ਮਹੀਨੇ 2,000 ਡਾਲਰ ਦੀ ਰਕਮ ਪਾਈ ਜਾ ਰਹੀ ਹੈ ਜੋ ਚਾਰ ਮਹੀਨੇ ਤੱਕ ਇੰਜ ਹੀ ਜਾਰੀ ਰਹੇਗੀ। 12 ਸਾਲ ਤੱਕ ਦੇ ਬੱਚਿਆਂ ਲਈ ‘ਕੈਨੇਡੀਅਨ ਚਾਈਲਡ ਬੈਨੀਫ਼ਿਟ ਪ੍ਰੋਗਰਾਮ’ ਹੇਠ 300 ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਦੀ ਹੋਰ ਵਧੇਰੇ ਰਕਮ ਉਨ੍ਹਾਂ ਦੇ ਮਾਪਿਆਂ ਦੇ ਬੈਂਕ ਖ਼ਾਤਿਆਂ ਵਿਚ ਪਾਈ ਜਾ ਰਹੀ ਹੈ। ਘਰਾਂ ਦੀਆਂ ਮੌਰਟਗੇਜਾਂ, ਸਲਾਨਾ ਆਮਦਨੀ ਤੇ ਪ੍ਰਾਪਰਟੀ ਟੈਕਸਾਂ ਦੀ ਅਦਾਇਗੀ ਅਤੇ ਹੋਰ ਜ਼ਰੂਰੀ ਅਦਾਇਗੀਆਂ ਓਨੇ ਸਮੇਂ ਲਈ ਅੱਗੇ ਪਾ ਦਿੱਤੀਆਂ ਗਈਆਂ ਹਨ ਜਿੰਨਾ ਚਿਰ ਇਸ ਮਹਾਂਮਾਰੀ ਨਾਲ ਪੈਦਾ ਜੋਏ ਹਾਲਾਤ ਆਮ ਵਰਗੇ ਨਹੀਂ ਹੋ ਜਾਂਦੇ। ਇਸ ਤੋਂ ਇਲਾਵਾ ਸੂਬਾਈ ਸਰਕਾਰਾਂ ਵੀ ਆਪਣੇ ਵੱਲੋਂ ਲੋਕਾਂ ਦੀ ਵਿੱਤੀ-ਸਹਾਇਤਾ ਕਰ ਰਹੀਆਂ ਹਨ।

ਇਸ ਤਰ੍ਹਾਂ ਕਈ ਹੋਰ ਦੇਸ਼ਾਂ ਵਾਂਗ ਭਾਰਤ ਅਤੇ ਕੈਨੇਡਾ ਦੀਆਂ ਸਰਕਾਰਾਂ ਆਪੋ ਆਪਣੀ ਵਿਤ ਅਨੁਸਾਰ ਆਪਣੇ ਲੋਕਾਂ ਨੂੰ ਇਸ ਔਖੀ ਘੜੀ ਵਿਚ ਰਾਹਤ ਦੇਣ ਦੀ ਪੂਰੀ ਕੋਸ਼ਿਸ਼ ਕਰ ਰਹੀਆਂ ਹਨ। ਵੇਖੋ! ਇਸ ਮਹਾਂਮਾਰੀ ਦਾ ਪ੍ਰਕੋਪ ਕਿੰਨਾ ਕੁ ਚਿਰ ਹੋਰ ਚੱਲਦਾ ਹੈ। ਅਜੇ ਤਾਂ ਇਹ ਪੂਰੇ ਜੋਬਨ ਵਿਚ ਹੈ। ਇਸ ਦੇ ਬਾਰੇ ਮਾਹਿਰ ਡਾਕਟਰਾਂ ਦੀਆਂ ਇਸ ਸਮੇਂ ਵੱਖ-ਵੱਖ ਰਾਵਾਂ ਸਾਹਮਣੇ ਆ ਰਹੀਆਂ ਹਨ। ਕਈਆਂ ਦਾ ਕਹਿਣਾ ਹੈ ਕਿ ਇਹ ਬੀਮਾਰੀ ਅਜੇ ਮਹੀਨਾ-ਡੇਢ ਮਹੀਨਾ ਇੰਜ ਹੀ ਹੋਰ ਅੱਗੇ ਵਧੇਗੀ ਅਤੇ ਇਸ ਦੇ ਨਾਲ ਹੋ ਰਹੀਆਂ ਮੌਤਾਂ ਦੀ ਗਿਣਤੀ ਵੀ ਵਧੇਗੀ। ਫਿਰ ਹੌਲੀ-ਹੌਲੀ ਇਸ ਦਾ ਪ੍ਰਕੋਪ ਘੱਟ ਜਾਏਗਾ। ਕਈ ਹੋਰਨਾਂ ਦਾ ਇਹ ਵੀ ਵਿਚਾਰ ਹੈ ਕਿ ਆਉਂਦੇ ਕੁਝ ਦਿਨਾਂ ਜਾਂ ਹਫ਼ਤਿਆਂ ਤੀਕ ਕੁਝ ਦੇਸ਼ ਵਿਚ ਗਰਮੀ ਕਾਰਨ ਤਾਪਮਾਨ ਦੇ ਵੱਧਣ ਨਾਲ ਇਹ ਹੌਲੀ-ਹੌਲੀ ਖ਼ਤਮ ਹੋ ਜਾਏਗੀ। ਪਰ ਇਸ ਦੇ ਬਾਰੇ ਅਜੇ ਨਿਸਚਿਤ ਤੌਰ ‘ਤੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਇਸ ਔਖੇ ਸਮੇਂ ਉਹ ‘ਸਰਬ ਸ਼ਕਤੀਮਾਨ ਪ੍ਰਮਾਤਮਾ’ ਜਿਸ ਨੂੰ ਦੂਸਰੇ ਸ਼ਬਦਾਂ ਵਿਚ ‘ਕੁਦਰਤ’ ਵੀ ਕਿਹਾ ਜਾਂਦਾ ਹੈ, ਹੀ ਲੋਕਾਈ ਨੂੰ ਦਰਪੇਸ਼ ਇਸ ਵੱਡੀ ਬਿਪਤਾ ਤੋਂ ਬਚਾਏ ਤਾਂ ਹੀ ਬੇਹਤਰ ਹੋਵੇਗਾ।




# ਹਾਸ-ਵਿਅੰਗ: ‘ਸਾਹਿਤਕ-ਅਫ਼ਰੇਵਾਂ'

ਡਾ. ਸੁਖਦੇਵ ਸਿੰਘ ਝੰਡ

ਮਹਾਂਮਾਰੀ ਕਰੋਨਾ' ਦਾ ਇਨ੍ਹੀਂ ਦਿਨੀਂ ਪੂਰੀ ਜੋਬਨ ‘ਤੇ ਹੈ। ਇਸ ਨੂੰ ਹੋਰ ਅੱਗੇ ਵੱਧਣ ਤੋਂ ਰੋਕਣ ਅਤੇ ਇਸ ਤੋਂ ਆਪਣਾ ਬਚਾਅ ਰੱਖਣ ਲਈ ਸੰਸਾਰ-ਭਰ ਵਿਚ ਲੱਗਭੱਗ ਸਾਰੇ ਹੀ ਦੇਸ਼ਾਂ ਵਿਚ ਇਸ ਸਮੇਂ ‘ਤਾਲੇ-ਬੰਦੀ’ ਭਾਵ 'ਲੌਕ-ਡਾਊਨ' ਦੀ ਸਥਿਤੀ ਚੱਲ ਰਹੀ ਹੈ। ਪੰਜਾਬ ਸਮੇਤ ਭਾਰਤ ਦੇ ਕਈ ਸੂਬਿਆਂ ਵਿਚ ਤਾਂ 'ਕਰਫ਼ਿਊ' ਵਾਲੀ ਹਾਲਤ ਬਣੀ ਹੋਈ ਹੈ ਅਤੇ ਇਸ ਦੀ ਪਾਲਣਾ ਵੀ ਸਖ਼ਤੀ ਨਾਲ ਕੀਤੀ ਅਤੇ ਕਰਵਾਈ ਜਾ ਰਹੀ ਹੈ। ਲੋਕ ਆਪੋ-ਆਪਣੇ ਘਰਾਂ ਦੇ ਅੰਦਰ ਡੱਕੇ ਹੋਏ ਹਨ। ਪੂਰਾ 'ਹਾਊਸ-ਅਰੈੱਸਟ' ਵਾਲਾ ਮਾਹੌਲ ਚੱਲ ਰਿਹਾ ਹੈ, ਪਰ ਫਿਰ ਵੀ ਕਈ ‘ਮਨਚਲੇ’ ਕਈ ਬਹਾਨੇ ਲਾ ਕੇ ਆਪਣੇ ਘਰਾਂ ਚੋਂ ਬਾਹਰ ਨਿਕਲ ਕੇ 'ਮਟਰ-ਗਸ਼ਤੀ' ਦੀ ਚਾਹਤ ਪੂਰੀ ਕਰਨ ਲਈ ਸੜਕਾਂ 'ਤੇ ਆਉਂਦੇ ਹਨ ਅਤੇ ਪੁਲੀਸ ਵੱਲੋਂ ਉਨ੍ਹਾਂ ਕੋਲੋਂ ਡੰਡ-ਬੈਠਕਾਂ ਤੇ ਨੱਕ ਨਾਲ ਲਕੀਰਾਂ ਕਢਵਾਉਣ ਦੇ ਕਈ ਕੇਸ ਸਾਹਮਣੇ ਆਏ ਹਨ। ਇਨ੍ਹਾਂ ਦੀਆਂ ਕੁਝ ਵੀਡੀਓਜ਼ ਵੀ ਵਾਇਰਲ ਹੋਈਆਂ ਹਨ ਜੋ ਪਿਛਲੇ ਦਿਨੀਂ ਸੋਸ਼ਲ-ਮੀਡੀਏ ਉੱਪਰ ਵੇਖਣ ਨੂੰ ਮਿਲੀਆਂ ਹਨ। ਇਹ ਲੋਕ ਥੋੜ੍ਹੀ ਕੀਤਿਆਂ ਘਰਾਂ ਦੇ ਅੰਦਰ ਨਹੀਂ ਬੈਠ ਸਕਦੇ।

ਇਕ ਹੋਰ ਵਰਗ ਜੋ ਇਨ੍ਹਾਂ ਦਿਨਾਂ ਵਿਚ ਡਾਹਡਾ ਬੇਚੈਨ ਆਪਣੇ ਘਰਾਂ ਵਿਚ 'ਆਫ਼ਰਿਆ' ਬੈਠਾ ਹੋਇਆ ਹੈ, ਉਹ ਹੈ ਸਾਡਾ ਸਤਿਕਾਰਯੋਗ ‘ਸਾਹਿਤਕ-ਵਰਗ’। ਇਸ ਵਰਗ ਨੂੰ ਆਪਣੀਆਂ ਰਚਨਾਵਾਂ ਲੇਖਕ ਸਾਥੀਆਂ ਤੇ ਸਾਹਿਤ-ਪ੍ਰੇਮੀਆਂ ਨਾਲ ਸਾਂਝੀਆਂ ਕਰਨ ਦਾ ਬੜਾ ਸ਼ੌਕ ਹੁੰਦਾ ਹੈ ਅਤੇ ਇਸ ਦੇ ਨਾਲ਼ ਹੀ ਉਹ ਆਪਣੀ ਲਿਖੀ ਹੋਈ ਤਾਜ਼ਾ ਕਵਿਤਾ, ਗ਼ਜ਼ਲ, ਗੀਤ, ਕਹਾਣੀ ਜਾਂ ਨਿਬੰਧ ਆਪਣੇ ਸਾਥੀ ਲੇਖਕਾਂ ਨਾਲ ਜਲਦੀ ਤੋਂ ਜਲਦੀ ਸਾਂਝੀ ਕਰਨ ਦੇ ਚਾਹਵਾਨ ਹੁੰਦੇ ਹਨ। ਇਸ ਮੰਤਵ ਲਈ ਉਨ੍ਹਾਂ ਨੇ ਆਪਣੀਆਂ ਕਈ ‘ਮੰਡਲੀਆਂ’ (ਸਾਹਿਤ-ਸਭਾਵਾਂ) ਬਣਾਈਆਂ ਹੁੰਦੀਆਂ ਹਨ ਜਿੱਥੇ ਉਹ ਮਹੀਨਾਵਾਰ-ਮੀਟਿੰਗਾਂ ਕਰਦੇ ਹਨ ਅਤੇ ਆਪਣੇ 'ਢਿੱਡਾਂ ਦਾ ਭਾਰ' ਹੌਲਾ ਕਰਦੇ ਹਨ।

ਇੱਥੇ ਮੈਨੂੰ ਦੋ-ਤਿੰਨ ਦਹਾਕੇ ਪਹਿਲਾਂ ਵੇਖੀ ਪੁਰਾਣੀ ਹਿੰਦੀ ਫ਼ਿਲਮ 'ਗੋਲਮ-ਾਲ' (ਅਮੋਲ ਪਾਲੇਕਰ ਵਾਲੀ) ਦਾ ਇਕ ਸੀਨ ਯਾਦ ਆ ਰਿਹਾ ਹੈ ਜਿਸ ਵਿਚ ਇਕ ਵਿਸ਼ੇਸ਼ ਇਸਤਰੀ-ਪਾਤਰ ਦਾ ਰੋਲ ਸਵਰਗਵਾਸੀ ਮਹਾਨ ਐਕਟਰ ਅਸ਼ੋਕ ਕੁਮਾਰ ਦੀ ਬੇਟੀ ਪ੍ਰੀਤੀ ਗੰਗੋਲੀ ਨੇ ਬਾਖ਼ੂਬੀ ਨਿਭਾਇਆ ਹੈ। ਫ਼ਿਲਮ ਵਿਚ ਉਸ ਨੂੰ ਬਹੁਤ ਹੀ 'ਗਾਲੜੀ' ਵਿਖਾਇਆ ਗਿਆ ਹੈ। ਜਦੋਂ ਕਿਸੇ ਵੇਲੇ ਉਸ ਨੂੰ ਕੋਈ ਉਸ ਦੀ ਗੱਲ ਸੁਣਨ ਵਾਲਾ ਨਹੀਂ ਮਿਲਦਾ ਤਾਂ ਉਸ ਦੇ ਪੇਟ ਵਿਚ ਗੱਲਾਂ ਦੀ 'ਗੈਸ' ਬਣਨੀ ਸ਼ੁਰੂ ਹੋ ਜਾਂਦੀ ਹੈ। ਉਸ ਦਾ ਪੇਟ ਫੁੱਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਹ ਆਪਣਾ ਢਿੱਡ ਫੜ ਕੇ ਬੈਠ ਜਾਂਦੀ ਹੈ। ਫਿਰ ਜਦੋਂ ਉਹ ਕਿਸੇ ਨਾਲ ਆਪਣੀਆਂ ਗੱਲਾਂ ਸਾਂਝੀਆਂ ਕਰ ਲੈਂਦੀ ਹੈ ਤਾਂ ਆਪਣੇ ਆਪ ਨੂੰ 'ਹੌਲ਼ਾ-ਫੁੱਲ' ਮਹਿਸੂਸ ਕਰਦੀ ਹੈ।

ਸਾਡੇ ਬਹੁਤ ਸਾਰੇ ਸਾਹਿਤਕਾਰ ਸਾਥੀਆਂ ਦਾ ਹਾਲ ਵੀ ਕੁਝ ਅਜਿਹਾ ਹੀ ਹੁੰਦਾ ਹੈ ਜਿਸ ਨੂੰ ਸਾਹਿਤਕ-ਭਾਸ਼ਾ ਵਿਚ 'ਸਾਹਿਤਕ-ਅਫ਼ਰੇਵਾਂ' ਕਿਹਾ ਜਾ ਸਕਦਾ ਹੈ। ਉਹ ਜਿੰਨਾਂ ਚਿਰ ਆਪਣੀ ਰਚਨਾ ਕਿਸੇ ਵੱਡੀ ਸਾਹਿਤਕ-ਮਹਿਫ਼ਲ ਜਾਂ ਛੋਟੀ-ਮੋਟੀ ਬੈਠਕ ਵਿਚ ਸਾਂਝੀ ਨਾ ਕਰ ਲੈਣ, ਇਹ ਅਫ਼ਰੇਵਾਂ ਉਨ੍ਹਾਂ ਨੂੰ ਤੰਗ ਕਰਦਾ ਰਹਿੰਦਾ ਹੈ ਅਤੇ ਉਨ੍ਹਾਂ ਦਾ ਹਾਲ ਅਦਾਕਾਰਾ ਪ੍ਰੀਤੀ ਗੰਗੋਲੀ ਵੱਲੋਂ ਨਿਭਾਏ ਗਏ ਉਪਰੋਕਤ ਕਿਰਦਾਰ ਵਾਲਾ ਹੁੰਦਾ ਹੈ। ਮੇਰੀ ਨਿੱਜੀ ਧਾਰਨਾ ਹੈ ਕਿ ਕਵੀਆਂ ਵਿਚ ਇਹ 'ਬੀਮਾਰੀ' ਕਹਾਣੀਕਾਰਾਂ ਜਾਂ ਵਾਰਤਾਕਾਰਾਂ (ਵਾਰਤਕ-ਲੇਖਕਾਂ) ਨਾਲੋਂ ਵਧੇਰੇ ਸ਼ਿੱਦਤ ਨਾਲ ਹੁੰਦੀ ਹੈ। ਕਈ ਕਵੀ ਤਾਂ ਤਾਂ ਆਪਣੀ ਤਾਜ਼ੀ ਲਿਖੀ ਕਵਿਤਾ ਫ਼ੋਨ 'ਤੇ ਹੀ ਕਿਸੇ ਦੂਸਰੇ ਕਵੀ ਜਾਂ ਆਪਣੇ ਯਾਰ-ਦੋਸਤ ਨੂੰ ਸੁਨਾਉਣੀ ਸ਼ੁਰੂ ਕਰ ਦਿੰਦੇ ਹਨ ਅਤੇ ਉਹ ਆਪਣੀ ਸਾਹਿਤ-ਸਭਾ ਦੀ ਹਰ ਮਹੀਨੇ ਹੋਣ ਵਾਲੀ ਮੀਟਿੰਗ ਦਾ ਵੀ ਇੰਤਜ਼ਾਰ ਨਹੀਂ ਕਰਦੇ। ਇਸ ਹਿਸਾਬ ਨਾਲ ਕਹਾਣੀਕਾਰਾਂ ਦਾ ‘ਹਾਜ਼ਮਾ’ ਕੁਝ ਚੰਗੇਰਾ ਮੰਨਿਆ ਜਾ ਸਕਦਾ ਹੈ ਅਤੇ ਵਾਰਤਕ-ਲੇਖਕਾਂ ਦਾ ਉਨ੍ਹਾਂ ਨਾਲੋਂ ਵੀ ਬੇਹਤਰ ਕਿਹਾ ਜਾ ਸਕਦਾ ਹੈ, ਕਿਉਂਕਿ ਕਹਾਣੀਕਾਰਾਂ ਦੇ ਕਹਾਣੀ-ਦਰਬਾਰ ਤਾਂ ਆਮ ਤੌਰ 'ਤੇ ਤਿੰਨੀ-ਚੌਹੀਂ ਮਹੀਨੀਂ ਜਾਂ ਇਸ ਤੋਂ ਵੀ ਵਧੇਰੇ ਵਕਫ਼ੇ 'ਤੇ ਹੁੰਦੇ ਹਨ ਅਤੇ ਵਾਰਤਕ-ਲੇਖਕ ਤਾਂ ਆਪਸ ਵਿਚ 'ਵਰ੍ਹੇ-ਛਿਮਾਹੀਂ ਹੀ ਮਿਲਦੇ ਹਨ। ਅਲਬੱਤਾ, ਅਖਬਾਰਾਂ/ਰਿਸਾਲਿਆਂ ਵਿਚ ਉਹ ਆਪਣਾ 'ਗੁਭ-ਗੁਭਾਹਟ' ਕੱਢਦੇ ਹੀ ਰਹਿੰਦੇ ਹਨ।

ਅੱਜਕੱਲ੍ਹ ਸੋਸ਼ਲ-ਮੀਡੀਏ ਨੇ ਇਨ੍ਹਾਂ ਕਵੀਆਂ ਤੇ ਕਹਾਣੀਕਾਰਾਂ ਦੀ ਮੁਸ਼ਕਲ ਬੇਸ਼ਕ ਕਾਫ਼ੀ ਹੱਦ ਤੀਕ ਹੱਲ ਕਰ ਛੱਡੀ ਹੈ ਅਤੇ ਉਹ ਫੇਸਬੁੱਕ ਉੱਪਰ ਆਪਣੇ ਫੇਸਬੁੱਕ 'ਖ਼ਾਤੇ' (ਅਕਾਊਂਟ) ਅਤੇ ਵੱਖ-ਵੱਖ ਸਾਹਿਤਕ-ਗਰੁੱਪਾਂ ਵਿਚ ਆਪਣੀਆਂ ਰਚਨਾਵਾਂ ਪੋਸਟ ਕਰਦੇ ਰਹਿੰਦੇ ਹਨ ਪਰ ਫਿਰ ਵੀ ਜੋ ਮਜ਼ਾ ਉਨ੍ਹਾਂ ਨੂੰ ਸਾਹਿਤਕ-ਮਹਿਫ਼ਲਾਂ ਵਿਚ ਸਰੋਤਿਆਂ ਦੇ ਰੂ-ਬ-ਰੂ ਹੋ ਕੇ ਕਵਿਤਾ ਜਾਂ ਕਹਾਣੀ ਪੇਸ਼ ਕਰਨ ਅਤੇ ਉਨ੍ਹਾਂ ਕੋਲੋਂ ‘ਵਾਹ-ਵਾਹ’ ਖੱਟਣ ਵਿਚ ਆਉਂਦਾ ਹੈ, ਉਹ ਸੋਸ਼ਲ-ਮੀਡੀਏ ਉੱਪਰ ਓਨਾ ਨਹੀਂ ਆਉਂਦਾ। ਉੱਥੇ ਤਾਂ ਕੋਈ ਕੋਈ ਵਿਰਲਾ ਹੀ ਉਨ੍ਹਾਂ ਦੀ ਰਚਨਾ ਨੂੰ ‘ਲਾੱਈਕ’ ਕਰ ਛੱਡਦਾ ਹੈ। ਇਸ ਲਈ ਉਹ ਮਹੀਨਾਵਾਰ ਸਾਹਿਤਕ-ਇਕੱਤਰਤਾਵਾਂ ਦੀ ਉਡੀਕ ਕਰਦੇ ਰਹਿੰਦੇ ਹਨ। ਕਈ ਕਵੀ-ਜਨ ਤਾਂ ਲੱਗਦੀ ਵਾਹੇ ਕਈ ਵੱਖ-ਵੱਖ ਸਾਹਿਤ ਸਭਾਵਾਂ ਵੱਲੋਂ ਹਰ ਮਹੀਨੇ ਕੀਤੀਆਂ ਜਾਣ ਵਾਲੀਆਂ ਲੱਗਭੱਗ ਅਜਿਹੀਆਂ ਸਾਰੀਆਂ ਹੀ ਇਕੱਤਰਤਾਵਾਂ ਵਿਚ ਹੀ ਆਪਣੀ ਹਾਜ਼ਰੀ ਲਵਾ ਆਉਂਦੇ ਹਨ ਪਰ ਕਈ ਕੁਝ ਥੋੜ੍ਹਾ ਜਿਹਾ ਸੰਜਮ ਵੀ ਰੱਖਦੇ ਹਨ ਅਤੇ ਆਪਣੇ ਆਪ ਨੂੰ ਇਕ-ਦੋ ਸਭਾਵਾਂ ਵਿਚ ਤੱਕ ਹੀ ਸੀਮਤ ਰੱਖਦੇ ਹਨ। ਹਨ।

ਕਰੋਨਾ ਵਾਇਰਸ ਦੀ ਚੱਲ ਰਹੀ ਅਜੋਕੀ ਸਥਿਤੀ ਦੇ ਕਾਰਨ ਪਿਛਲੇ ਚਾਰ-ਪੰਜ ਹਫ਼ਤਿਆਂ ਵਿਚ ਕੋਈ ਵੀ ਸਾਹਿਤਕ-ਮਹਿਫ਼ਲ ਨਹੀਂ ਸੱਜ ਸਕੀ ਅਤੇ ਸਾਡੇ ਕਵੀ-ਜਨ ਸਾਥੀ ਇਸ ਸਮੇਂ ਪੂਰੇ ਭਰੇ-ਪੀਤੇ ਹੋਏ ਹਨ। ਉਨ੍ਹਾਂ ਵਿਚ ਇਹ ‘ਸਾਹਿਤਕ-ਅਫ਼ਰੇਵਾਂ’ ਦਿਨੋਂ-ਦਿਨ ਵੱਧਦਾ ਜਾ ਰਿਹਾ ਹੈ ਕਿਉਂਕਿ ਨੇੜ-ਭਵਿੱਖ ਵਿਚ ਉਨ੍ਹਾਂ ਨੂੰ ਆਪਣਾ ਇਹ ਅਫ਼ਰੇਵਾਂ ਦੂਰ ਕਰਨ ਲਈ ਆਸ ਦੀ ਕਿਰਨ ਵਿਖਾਈ ਨਹੀਂ ਦਿੰਦੀ। ਇਸ ਦੇ ਇਕ 'ਹੱਲ' ਵਜੋਂ ਕੁਝ ਦਿਨ ਪਹਿਲਾਂ ਇਕ ਕਵੀ-ਦੋਸਤ ਦਾ ਵਿਦੇਸ਼ ਤੋਂ ਫ਼ੋਨ ਆਇਆ ਕਿ ਕਿਉਂ ਨਾ ਓਨਾ ਚਿਰ ਸਭਾ ਦੇ ਮੈਂਬਰਾਂ ਦਾ 'ਟੈਲੀ-ਕਾਨਫ਼ਰੰਸਿੰਗ' ਰਾਹੀਂ ਹੀ ਕਵੀ-ਦਰਬਾਰ ਕਰ ਲਿਆ ਜਾਏ।

ਸਲਾਹ ਉਸ ਦੋਸਤ ਦੀ ਬੜੀ ਵਾਜਬ ਤੇ ਵਧੀਆ ਸੀ ਪਰ ਇਸ ਵਿਚ ਮੈਨੂੰ ਇਹ 'ਤਕਨੀਕੀ' ਮੁਸ਼ਕਲ ਨਜ਼ਰ ਆਈ ਕਿ ਉਸ ਵਿਦੇਸ਼ੀ ਸਾਹਿਤ ਸਭਾ ਦੇ ਕਈ ਸਰਗ਼ਰਮ ਮੈਂਬਰ ਇਨ੍ਹੀ ਦਿਨੀਂ ਪੰਜਾਬ ਆਏ ਹੋਏ ਹਨ ਅਤੇ ਇਨ੍ਹੀਂ ਦਿਨੀਂ 'ਲੌਕ-ਡਾਊਨ'-ਕਮ-'ਕਰਫ਼ਿਊ' ਦੇ ਕਾਰਨ ਫ਼ਲਾਈਟਾਂ ਬੰਦ ਹੋਣ ਕਰਕੇ ਇੱਥੇ ਹੀ ਫਸੇ ਹੋਏ ਹਨ। ਮੈਂ ਆਪਣੇ ਉਸ ਦੋਸਤ ਨੂੰ ਦੱਸਿਆ ਕਿ ਅਮਰੀਕਾ-ਕੈਨੇਡਾ ਅਤੇ ਭਾਰਤ ਵਿਚ ਸਮੇਂ ਦਾ ਦਿਨ-ਰਾਤ ਦਾ ਫ਼ਰਕ ਹੋਣ ਕਾਰਨ ਏਧਰ ਆਏ ਹੋਏ ਮੈਂਬਰਾਂ ਦਾ ਓਧਰਲੇ ਮੈਂਬਰਾਂ ਨਾਲ 'ਟੈਲੀ-ਕਾਨਫ਼ਰੰਸ' ਲਈ ਨਿਸਚਿਤ ਕੀਤੇ ਜਾਣ ਵਾਲਾ ਸਮਾਂ ਸੂਤਰ ਨਹੀਂ ਆਉਣਾ। ਇਸ ਲਈ ਮੈਂ ਉਸ ਦੋਸਤ ਨੂੰ ਆਪਣਾ ‘ਨੇਕ-ਮਸ਼ਵਰਾ’ ਦਿੱਤਾ ਕਿ ਉਹ ਉੱਥੋਂ ਵਾਲੇ ਦੋਸਤ ਹੀ ਆਪਸ ਵਿਚ 'ਟੈਲੀ-ਕਾਨਫ਼ਰੰਸਿੰਗ' ਕਰਕੇਂ ਆਪਣਾ ਢਿੱਡ-ਹੌਲਾ ਕਰ ਲਿਆ ਕਰਨ ਅਤੇ ਏਧਰਲਿਆਂ ਦੀ ਬਹੁਤੀ ਚਿੰਤਾ ਨਾ ਕਰਨ। ਉਹ ਵਿਚਾਰੇ ਓਨਾ ਚਿਰ ਫੇਸਬੁੱਕ ਉੱਪਰ ਹੀ ਆਪਣੀਆਂ ਪੋਸਟਾਂ ਪਾ ਕੇ ਗੁਜ਼ਾਰਾ ਕਰ ਲੈਣਗੇ ਜਾਂ ਇੱਥੋਂ ਦੀਆਂ ਜਾਂ ਵਿਦੇਸ਼ਾਂ ਵਿਚ ਛਪਦੀਆਂ ਅਖ਼ਬਾਰਾਂ ਨੂੰ ਆਪਣੀਆਂ ਰਚਨਾਵਾਂ ਭੇਜ ਕੇ ‘ਬੁੱਤਾ’ ਸਾਰ ਲੈਣਗੇ। ਉਨ੍ਹਾਂ ਵੀ ਤਾਂ ਕਿਸੇ ਤਰ੍ਹਾਂ ਆਪਣਾ ਇਹ ‘ਸਾਹਿਤਕ-ਅਫ਼ਰੇਵਾਂ ਦੂਰ ਕਰਨਾ ਏ।

## ਰੱਬ ਦਾ ਸੰਕਲਪ -ਹਰਜੀਤ ਦਿਓਲ, ਬਰੈਂਪਟਨ

ਬਰਨਾਲਾ ਪੰਜਾਬ ਤੋਂ ਛਪਦੀ ਮੈਗਜੀਨ 'ਤਰਕਸ਼ੀਲ' ਦੇ ਜੁਲਾਈ-ਅਗਸਤ 2016 ਵਿੱਚ ਇੱਕ ਖਬਰ ਛਪੀ ਸੀ, ਜਿਸ ਅਨੁਸਾਰ " ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ ( ਕਾਊਂਸਿਲ ਆਫ ਸਾਈਂਟੀਫਿਕ ਐਂਡ ਇੰਡਸਟਰੀਅਲ ਰਿਸਰਚ) ਵੱਲੋਂ ਆਪਣੇ ਖੋਜਾਰਥੀਆਂ ਨੂੰ ਇੱਕ ਫਾਰਮ ਜਾਰੀ ਕਰਕੇ ਇਹ ਲਿਖਣ ਲਈ ਕਿਹਾ ਗਿਆ ' ਮੈਂ ਪੂਰੀ ਵਫਾਦਾਰੀ ਨਾਲ ਆਪਣੇ ਕਰਤੱਵ ਨਿਭਾਵਾਂਗਾ, ਇਸ ਲਈ ਪਰਮਾਤਮਾ ਮੇਰੀ ਮਦਦ ਕਰੇ'। ਇਸ ਸਵੈ ਘੋਸ਼ਣਾ 'ਤੇ ਤੁਰੰਤ ਆਪਣੀ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਭਾਰਤੀ ਤਰਕਸ਼ੀਲ ਜੱਥੇਬੰਦੀਆਂ ਦੀ ਸੰਸਥਾ (ਫੇਡਰੇਸ਼ਨ ਆਫ ਇੰਡੀਅਨ ਰੇਸ਼ਨਲਿਸਟ ਐਸੋਸੀਏਸ਼ਨ) ਵੱਲੋਂ ਆਪਣੇ ਪ੍ਰਧਾਨ ਨਰਿੰਦਰ ਨਾਇਕ ਦੀ ਅਗਵਾਈ ਹੇਠ ਵਿ-ਗਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ ਦੇ ਡਾਈਰੈਕਟਰ ਜਨਰਲ ਗਰੀਸ ਸਾਹਨੀ ਨੂੰ ਇੱਕ ਪੱਤਰ ਲਿਖਿਆ ਗਿਆ ਕਿ ' ਜਿਸ ਦੀ ਹੋਂਦ ਹੀ ਨਹੀਂ, ਉਸ ਦਾ ਹਵਾਲਾ ਦੇ ਕੇ, ਉਸ 'ਤੋਂ ਸਹਾਇਤਾ ਦੀ ਮੰਗ ਕਰਕੇ, ਖੋਜਾਰਥੀਆਂ ਤੋਂ ਇਹ ਬਿਨੈ ਪੱਤਰ ਲੈਣ ਪਿੱਛੇ ਆਪਦਾ ਕੀ ਮਕਸਦ ਹੈ? ਕੀ ਇਹ ਵਿਸ਼ੇਸ਼ ਤੌਰ 'ਤੇ ਨਾਸਤਕਾਂ ਨੂੰ ਖੋਜ ਖੇਤਰ 'ਤੋਂ ਬਾਹਰ ਕਰਨ ਦਾ ਉਪਰਾਲਾ ਤਾਂ ਨਹੀਂ? ਇਹ ਤਾਂ ਸੰਵਿਧਾਨ ਦੀ ਧਾਰਾ 5118 ਆਟੀਕਲ ਦੇ ਵਿਰੁੱਧ ਹੈ, ਜੋ ਇਹ ਕਹਿੰਦਾ ਹੈ ਕਿ ਲੋਕਾਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ, ਜਾਂਚ ਕਰਨ ਦਾ ਹੱਕ ਅਤੇ ਮਨੁੱਖਤਾ ਲਈ ਪ੍ਰਤੀਬੱਧਤਾ ਹਰ ਨਾਗਰਿਕ ਦਾ ਫਰਜ ਹੈ'। ਇਸ ਪੱਤਰ ਦੇ ਪ੍ਰਾਪਤ ਹੋਣ ਉਪਰੰਤ ਵਿਗਿਆਨਕ ਅਤੇ ਇੰਡਸਟਰੀਅਲ ਖੋਜ ਪ੍ਰੀਸ਼ਦ ਨੂੰ ਆਪਣੇ ਬਿਨੈਪੱਤਰ ਵਿੱਚੋਂ ਰੱਬ ਦੇ ਹਵਾਲੇ ਵਾਲਾ ਪੰਨਾ ਹਟਾਉਣ ਲਈ ਮਜਬੂਰ ਹੋਣਾ ਪਿਆ ਹੈ।"

ਮਹਾਨ ਰੂਸੀ ਚਿੰਤਕ ਅਤੇ ਸਾਹਿਤਕਾਰ ਲਿਓ ਤਾਲਸਤਾਏ ਆਪਣੀ ਜੀਵਨ ਕਹਾਣੀ ਲਿਖਦਿਆਂ ਸਵੀਕਾਰਿਆ ਹੈ ਕਿ ਚਰਚ ਅਤੇ ਧਰਮ ਆਪਣੇ ਮੁੱਢਲੇ ਉਦੇਸ਼ਾਂ ਨੂੰ ਦਰਕਿਨਾਰ ਕਰਕੇ ਜਿਸ ਰੱਬ ਦੇ ਸੰਕਲਪ ਦਾ ਪ੍ਰਚਾਰ ਕਰਦਾ ਹੈ ਉਹ ਬੇਢੱਬੀਆਂ, ਆਤਮ ਵਿਰੋਧੀ ਬੇਹੂਦਗੀਆਂ ਨਾਲ ਭਰਿਆ ਪਿਆ ਹੈ। ਕਿਸੇ ਸਮੇਂ ਈਸਾ ਮਸੀਹ ਨੇ ਗਰੀਬਾਂ, ਦਬੇ ਕੁਚਲੇ ਲੋਕਾਂ, ਮਜਲੂਮਾਂ ਨੂੰ ਪਿਆਰ ਦਾ ਸੰਦੇਸ਼ ਦੇਣ ਵਾਲਾ ਰਾਜ ਸਥਾਪਤ ਕਰਨਾ ਚਾਹਿਆ ਸੀ ਪਰ ਸਮੇਂ ਦੇ ਸ਼ਾਸ਼ਕਾਂ ਨੂੰ ਇਹ ਸੱਚ ਮੰਜੂਰ ਨਹੀਂ ਸੀ ਤੇ ਉਨ੍ਹਾਂ ਜੋ ਰੱਬ ਅਤੇ ਧਰਮ ਦਾ ਸੰਕਲਪ ਪ੍ਰਚਾਰਿਆ ਓਹ ਪ੍ਰੋਹਤਾਂ ਅਤੇ ਸੱਤਾਧਾਰੀਆ ਦਾ ਹੱਕ ਪੂਰਦਾ ਹੈ। ਆਪਣੇ ਇਨ੍ਹਾਂ ਪ੍ਰਗਤੀਸ਼ੀਲ ਤੇ ਮਾਨਵਤਾ ਵਾਦੀ ਵਿਚਾਰਾਂ ਖਾਤਰ ਲਿਓ ਤਾਲਸਤਾਏ ਨੂੰ ਸਮੇਂ ਦੇ ਸਰਕਾਰੀ ਤੰਤਰ ਦੀ ਕਰੋਪੀ ਦਾ ਸਾਮ੍ਹਣਾ ਵੀ ਕਰਨਾ ਪਿਆ। ਅੱਜ ਵੀ ਸਾਡੇ ਸ਼ਾਸ਼ਕ ਰੱਬ ਅਤੇ ਧਰਮ ਦਾ ਬਖੂਬੀ ਇਸਤੇਮਾਲ ਕਰਕੇ ਆਮ ਲੋਕਾਂ ਨੂੰ ਇਸ ਤਰ੍ਹਾਂ ਗੁਮਰਾਹ ਕਰ ਰਹੇ ਹਨ ਕਿ ਓਹ ਆਪਣੀਆਂ ਮੁਸੀਬਤਾਂ ਵਿਚੋਂ ਨਿਕਲਣ ਦਾ ਰਾਹ ਤਲਾਸ਼ਣ 'ਚ ਅਸਮਰਥ ਰਹਿ ਕੇ ਸੱਤਾਧਾਰੀਆਂ ਦੇ ਸ਼ੋਸ਼ਣ ਦਾ ਸ਼ਿਕਾਰ ਬਣੇ ਰਹਿੰਦੇ ਹਨ। ਚਿੰਤਕ ਫਰਾਂਸਿਸਕੋ ਫੇਰਾਰ ਅਨੁਸਾਰ 'ਜਦੋਂ ਇਨਸਾਨ ਨੂੰ ਆਪਣੇ ਆਪ ਨੂੰ ਸੰਭਾਲਣ ਦੀ ਸੂਝ ਆ ਗਈ, ਧਰਮ ਦੀ ਲੋੜ ਆਪਣੇ ਆਪ ਖਤਮ ਹੋ ਜਾਵੇਗੀ'। ਸ਼ਾਇਦ ਇਹੀ ਕਾਰਣ ਹੈ ਕਿ ਰੱਬ ਅਤੇ ਇਸ ਦੇ ਜੋੜੀਦਾਰ ਧਰਮ ਨਾਲ ਨੱਕੋਨੱਕ ਭਰਿਆ ਸਾਡਾ ਭਾਰਤ ਭ੍ਰਸ਼ਟਾਚਾਰ ਦੀ ਮਾਰ ਤੋਂ ਬਚ ਨਹੀਂ ਸਕਿਆ 'ਤੇ ਅਸੀਂ ਬੇਹਤਰ ਜਿੰਦਗੀ ਦੀ ਆਸ ਵਿੱਚ ਉਨ੍ਹਾਂ ਪ੍ਰਦੇਸਾਂ ਵੱਲ ਹਿਜਰਤ ਕਰਨ ਲਈ ਮਜਬੂਰ ਹੋਏ ਜਿੱਥੇ ਰੱਬ ਨਾਲੋਂ ਇਨਸਾਨੀਅਤ ਨੂੰ ਵੱਧ ਤਰਜੀਹ ਦਿੱਤੀ ਜਾਂਦੀ ਹੈ। ਆਸ ਕੀਤੀ ਜਾਂਦੀ ਹੈ ਕਿ ਭਵਿਸ਼ 'ਚ ਸਾਡੀਆਂ ਅਗਲੀਆਂ ਨਸਲਾਂ ਇਸ ਸਚਾਈ ਨਾਲ ਰੂਬਰੂ ਹੋ ਇਨਸਾਨੀਅਤ ਤੋਂ ਬੇਮੁਖ ਹੋ ਰਹੇ ਧਰਮਾਂ ਦਾ ਪੱਲਾ ਛੱਡ ਤਰਕਸ਼ੀਲ ਵਿਗਿਆਨਕ ਸੋਚ ਦੀਆਂ ਅਲੰਬਰਦਾਰ ਬਨਣਗੀਆਂ।

## ਹਲਕਾ ਫੁਲਕਾ

ਵਿਗਿਆਨ ਦਾ ਅਧਿਆਪਕ (ਵਿਦਿਆਰਥੀ ਨੂੰ), "ਜਦੋਂ ਪਾਣੀ ਜੰਮ ਕੇ ਬਰਫ ਬਣ ਜਾਂਦਾ ਹੈ ਤਾਂ ਉਸ ਵਿੱਚ ਕੀ ਤਬਦੀਲੀ ਆਉਂਦੀ ਹੈ?"
ਵਿਦਿਆਰਥੀ, "ਕੁਝ ਨਹੀਂ ਸਰ, ਜ਼ਰਾ ਕੀਮਤ ਬਦਲ ਜਾਂਦੀ ਹੈ।"
ਅਧਿਆਪਕ, "ਕੀਮਤ ਬਦਲ ਜਾਂਦੀ ਹੈ, ਉਹ ਕਿਵੇਂ?"
ਵਿਦਿਆਰਥੀ, "ਸਰ, ਬਰਫ ਪਾਣੀ ਨਾਲੋਂ ਜ਼ਿਆਦਾ ਮਹਿੰਗੀ ਵਿਕਦੀ ਹੈ।"

*********

ਪੱਪੂ ਪਾਰਟੀ ਤੋਂ ਦੇਰ ਰਾਤ ਘਰ ਆਇਆ।
ਅਗਲੇ ਦਿਨ ਦੋਸਤਾਂ ਨੇ ਪੁੱਛਿਆ, "ਪਤਨੀ ਨੇ ਕੁਝ ਕਿਹਾ ਤਾਂ ਨਹੀਂ?"
ਪੱਪੂ, "ਨਹੀਂ ਨਹੀਂ, ਇਹ ਦੋ ਦੰਦ ਤਾਂ ਮੈਂ ਉਂਝ ਵੀ ਕਢਵਾਉਣੇ ਸਨ।"

*********

ਰਮਨ (ਚਮਨ ਨੂੰ), "ਅੱਜਕੱਲ੍ਹ ਦੇ ਵਿਆਹ-ਸ਼ਾਦੀਆਂ ਵਿੱਚ ਚਾਰ ਤਰ੍ਹਾਂ ਦੇ ਲੋਕ ਆਉਂਦੇ ਹਨ।"
ਚਮਨ, "ਚਾਰ ਤਰ੍ਹਾਂ ਦੇ ਲੋਕ? ਮੈਂ ਸਮਝਿਆ ਨਹੀਂ।"
ਰਮਨ, "ਕੁੜੀ ਵਾਲੇ, ਮੁੰਡੇ ਵਾਲੇ, ਖਾਣਾ ਖਾਣ ਵਾਲੇ ਅਤੇ ਸੈਲਫੀ ਲੈਣ ਵਾਲੇ। ਹੋਏ ਨਾ ਚਾਰ ਤਰ੍ਹਾਂ ਦੇ ਲੋਕ।"

# ਪੰਜਾਬੀ ਅਤੇ ਹਿੰਦੀ ਲਈ ਹੇਜ ਦਾ ਸੱਚ

-ਅਵਤਾਰ ਸਿੰਘ (ਪ੍ਰੋ.)

ਸ਼ਾਇਦ ਝਗੜਾ ਜੀਵ ਦੀ ਮੁੱਢਲੀ ਪ੍ਰਕਿਰਤੀ ਹੋਵੇ। ਪਸ਼ੂ ਪੰਛੀ ਅਤੇ ਕੀੜੇ ਮਕੌੜੇ ਸਭ ਲੜਦੇ ਹਨ। ਝੱਖੜ ਝੁਲਦੇ ਹਨ ਤਾਂ ਵਨਸਪਤੀ ਖਹਿੰਦੀ ਹੈ। ਪਾਣੀਆਂ ਦੇ ਝਗੜੇ ਨੂੰ ਜਿਵੇਂ ਹੜ੍ਹ ਕਹਿੰਦੇ ਹੋਈਏ, ਜ਼ਮੀਨੀ ਝਗੜੇ ਦਾ ਨਾਂ ਭੁਚਾਲ ਹੋਵੇ ਅਤੇ ਕਾਇਨਾਤ ਦੇ ਭੇੜ ਦਾ ਨਾਂ ਪਰਲੋ। ਝਗੜਾਲੂ ਬਿਰਤੀ ਨੂੰ ਜਾਂਗਲੀ ਬਿਰਤੀ ਮੰਨਿਆ ਜਾਂਦਾ ਹੈ ਤੇ ਝਗੜੇ ਤੋਂ ਪਰਹੇਜ਼ ਕਰਨ ਵਾਲੇ ਨੂੰ ਸੱਭਿਅਕ ਸਮਝਿਆ ਜਾਂਦਾ ਹੈ। ਕੁਝ ਵੀ ਹੋਵੇ, ਝਗੜਾ ਵਿਨਾਸ਼ ਦਾ ਮੂਲ ਹੈ। ਇਹ ਵੀ ਸੱਚ ਹੈ ਕਿ ਵਿਨਾਸ਼ ਬਿਨਾਂ ਨਵੀਂ ਉਤਪਤੀ ਸੰਭਵ ਨਹੀਂ ਹੁੰਦੀ। ਕਈ ਬਾਰ ਪਸਰਿਓ ਪਾਸਾਰ॥

ਜਿਵੇਂ ਸਾਂਖ ਸ਼ਾਸਤਰ ਵਿੱਚ ਪੁਰਸ਼ ਅਤੇ ਪ੍ਰਕਿਰਤੀ ਦਾ ਜੋੜਾ ਹੈ, ਇਵੇਂ ਹੀ ਪ੍ਰਕਿਰਤੀ ਅਤੇ ਸੱਭਿਆਚਾਰ ਦਾ ਜੋੜਾ ਹੈ। ਪੁਰਸ਼ ਪਰਮਾਤਮਾ ਨੂੰ ਕਹਿੰਦੇ ਹਨ, ਜੋ ਨਿਰਾਕਾਰ ਹੈ, ਜਿਸ ਦਾ ਜਾਗ੍ਰਿਤ ਰੂਪ ਪ੍ਰਕਿਰਤੀ ਹੈ, ਜਿਸ ਨੂੰ ਮਨੁੱਖ ਆਪਣੇ ਤਕਾਜ਼ੇ ਮੁਤਾਬਕ ਜਦੋਂ ਢਾਲ ਲੈਂਦਾ ਹੈ ਤਾਂ ਉਹੀ ਪ੍ਰਕਿਰਤੀ ਸੰਸਕ੍ਰਿਤੀ ਦਾ ਰੂਪ ਵਟਾ ਲੈਂਦੀ ਹੈ। ਆਰੀਆ ਲੋਕ ਇਥੇ ਆਏ ਤਾਂ ਮੂਲ ਵਾਸੀਆਂ ਨਾਲ ਮੇਲ ਅਤੇ ਭਿੜਨ ਉਪਰੰਤ ਉਨ੍ਹਾਂ ਦੀ ਭਾਸ਼ਾ ਵਿੱਚ ਤਬਦੀਲੀ ਆਉਣੀ ਕੁਦਰਤੀ ਸੀ। ਪਾਣਨੀ ਦੀ ਪ੍ਰਧਾਨਗੀ ਹੇਠ ਪੰਡਤਾਂ ਨੇ ਕਠਿਨ ਜੱਦੋ ਜਹਿਦ ਕਰਕੇ ਉਸ ਪ੍ਰਕਿਰਤਕ ਭਾਸ਼ਾ ਨੂੰ ਸੋਧ ਕੇ ਗੈਰਕੁਦਰਤੀ ਰੂਪ ਦੇ ਦਿੱਤਾ, ਜਿਸ ਨੂੰ ਉਨ੍ਹਾਂ ਨੇ ਸੰਸਕ੍ਰਿਤ ਦਾ ਨਾਂ ਦੇ ਦਿੱਤਾ। ਉਹ ਇੰਨੀ ਅਪ੍ਰਕਿਰਤਕ ਸੀ, ਜੋ ਕਦੇ ਵੀ ਕਿਸੇ ਦੀ ਮਾਤ ਭਾਸ਼ਾ ਨਹੀਂ ਸੀ। ਭਾਰਤ ਦਾ ਕੋਈ ਵੀ ਖਿੱਤਾ ਅਜਿਹਾ ਨਹੀਂ, ਜਿਥੋਂ ਦੇ ਲੋਕ ਕੁਦਰਤੀ ਰੂਪ ਵਿੱਚ ਕਦੇ ਸੰਸਕ੍ਰਿਤ ਬੋਲਦੇ ਹੋਣਗੇ।

ਵਿਦੇਸ਼ੀ ਹਮਲਾਵਰਾਂ ਕਾਰਨ ਇਕ ਵਾਰ ਫਿਰ ਭਾਰਤੀ ਲੋਕਾਂ ਦੀ ਬੋਲੀ ਵਿੱਚ ਤਬਦੀਲੀ ਹੋਈ। ਵਿਦੇਸ਼ੀ ਮੇਲ ਜੋਲ ਕਾਰਨ ਅਰਬੀ ਤੇ ਫਾਰਸੀ ਦੀ ਸ਼ਬਦਾਵਲੀ ਸਾਡੀਆਂ ਕੁਦਰਤੀ ਬੋਲੀਆਂ ਦੇ ਨਾਲ ਵੀ ਰਲ-ਗੱਡ ਹੋਣ ਲੱਗੀ। ਅਕਬਰ ਦੇ ਸੁਲਹ-ਕੁਲ ਰਵੱਈਏ ਕਾਰਨ ਭਗਤੀ ਲਹਿਰ ਦੇ ਪ੍ਰੇਮ-ਭਾਵ ਤੇ ਗੁਰੂ ਸਾਹਿਬਾਨ ਦੀ ਸਾਂਝੀਵਾਲਤਾ ਭਰਪੂਰ ਮਿਲਵਰਤਨ ਲਹਿਰ ਸਦਕਾ ਭਾਰਤ ਵਿੱਚ ਇਕ ਸਾਂਝੀ ਭਾਸ਼ਾ ਨੇ ਜਨਮ ਲਿਆ, ਜਿਸ ਨੂੰ ਖੜੀ ਬੋਲੀ ਦਾ ਨਾਂ ਦਿੱਤਾ ਗਿਆ। ਵਿਦਵਾਨਾਂ ਨੇ ਅਜਿਹੇ ਗ੍ਰੰਥ ਰਚਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿੱਚ ਅਰਬੀ ਫਾਰਸੀ ਦੀ ਸ਼ਬਦਾਵਲੀ ਸਜਣ ਅਤੇ ਫੱਬਣ ਲੱਗ ਪਈ। ਦਸਮੇਸ਼ ਪਿਤਾ ਨੇ ਸੰਸਕ੍ਰਿਤ ਅਤੇ ਅਰਬੀ ਫਾਰਸੀ ਦੇ ਨਵੇਂ ਸਮਾਸ ਬਣਾਏ ਅਤੇ ਬਾਣੀ ਵਿੱਚ ਪ੍ਰਯੋਗ ਕੀਤੇ।

ਖੜ੍ਹੀ ਬੋਲੀ ਦਾ ਭਾਵ ਸਪੱਸ਼ਟ ਤੇ ਚੁਸਤ ਦਰੁਸਤ ਭਾਸ਼ਾ ਸਮਝਣਾ ਚਾਹੀਦਾ ਹੈ, ਜਿਸ ਵਿੱਚ ਕਾਵਿਕ ਮੁਗਾਲਤੇ ਦੀ ਗੁੰਜਾਇਸ਼ ਰੱਦ ਹੋ ਗਈ ਹੋਵੇ। ਅਜਿਹੀ ਭਾਸ਼ਾ ਵਾਰਤਕ ਲਈ ਬੜੀ ਗੁਣਕਾਰੀ ਸਮਝੀ ਜਾਂਦੀ ਹੈ ਤੇ ਆਮ ਗੱਲਬਾਤ ਵਿੱਚ ਵੀ ਬੜੀ ਸਹਾਈ ਹੁੰਦੀ ਹੈ। ਅੱਜ ਵੀ ਫਾਰਸੀ ਸ਼ਬਦਾਵਲੀ ਦੀ ਮਿਲਤਰ ਨਾਲ ਪੰਜਾਬੀ ਭਾਸ਼ਾ ਵਧੇਰੇ ਪ੍ਰਭਾਵਸ਼ਾਲੀ ਪ੍ਰਤੀਤ ਹੁੰਦੀ ਹੈ। ਅੰਗਰੇਜ਼ਾਂ ਦੇ ਆਉਣ ਸਮੇਂ ਖੜੀ ਬੋਲੀ ਹਿੰਦੁਸਤਾਨ ਵਿੱਚ ਚੱਲਦੀ ਸੀ। ਸ਼ਾਇਦ ਇਸੇ ਕਾਰਨ ਇਸ ਬੋਲੀ ਨੂੰ ਹਿੰਦੁਸਤਾਨੀ ਕਿਹਾ ਜਾਣ ਲੱਗ ਪਿਆ ਹੋਵੇ। ਅੰਗਰੇਜ਼ਾਂ ਦੇ ਵਰਤੋਂ ਵਿਹਾਰ ਦਾ ਅੰਤਰੀਵ ਪ੍ਰਯੋਜਨ ਵਿਸ਼ਲੇਸ਼ਣੀ ਸੀ। ਇਸੇ ਲਈ ਲਾਲਾ ਹਰਦਿਆਲ ਨੇ ਅੰਗਰੇਜ਼ਾਂ ਦੀ ਵਿਦੇਸ਼ ਨੀਤੀ ਨੂੰ 'ਪਾੜੋ ਤੇ ਰਾਜ ਕਰੋ' ਲਿਖ ਕੇ ਗੱਲ ਮੁਕਾ ਦਿੱਤੀ। ਅੰਗਰੇਜ਼ ਭਾਰਤੀ ਲੋਕਾਂ ਦੇ ਆਪਸੀ ਵਖਰੇਵਿਆਂ ਨੂੰ ਪੱਕੇ ਕਰਨ ਵਿੱਚ ਲੱਗੇ ਰਹਿੰਦੇ ਸਨ। ਪੰਜਾਬ ਯੂਨੀਵਰਸਿਟੀ ਵਿੱਚ ਪੰਜਾਬੀ, ਉਰਦੂ ਅਤੇ ਹਿੰਦੀ ਨੂੰ ਸ਼ਾਮਲ ਕਰਨ ਸਮੇਂ ਅੰਗਰੇਜ਼ਾਂ ਨੇ ਪੰਜਾਬੀ ਲਈ ਸਿੱਖ, ਉਰਦੂ ਲਈ ਮੁਸਲਮਾਨ ਅਤੇ ਹਿੰਦੀ ਲਈ ਹਿੰਦੂ ਪ੍ਰੋਫੈਸਰ ਭਰਤੀ ਕੀਤੇ ਸਨ। ਡਾ. ਮੋਹਣ ਸਿੰਘ ਦੀਵਾਨਾ ਉਰਦੂ ਵਿੱਚ ਪੀ ਐਚ ਡੀ ਸਨ, ਪਰ ਉਨ੍ਹਾਂ ਨੂੰ ਉਰਦੂ ਦੀ ਥਾਂ ਗੁਰਮੁਖੀ ਵਿਭਾਗ ਵਿੱਚ ਰੱਖਿਆ ਗਿਆ। ਪੰਜਾਬੀ ਵਿਭਾਗ ਦਾ ਮੁੱਢਲਾ ਨਾਂ ਗੁਰਮੁਖੀ ਵਿਭਾਗ ਸੀ। ਅੰਗਰੇਜ਼ਾਂ ਨੇ ਫੌਜ ਵਿੱਚ ਵੀ ਇਹ ਵਖਰੇਵੇਂ ਸਿਰਫ ਕਾਇਮ ਨਹੀਂ ਰੱਖੇ, ਬਲਕਿ ਮਜ਼ਬੂਤ ਕੀਤੇ।

ਆਪਣੇ ਅੰਗਰੇਜ਼ ਉਸਤਾਦ ਡਾ. ਗਿੱਲਕ੍ਰਾਈਸਟ ਦੀ ਪ੍ਰੇਰਨਾ ਹੇਠ ਪ੍ਰੋ. ਲੱਲੂ ਲਾਲ ਨੇ ਕਲਕੱਤੇ ਦੇ ਫੋਰਟ ਵਿਲੀਅਮ ਕਾਲਜ ਵਿਖੇ 1804 ਈਸਵੀ ਦੇ ਕਰੀਬ ਖੜੀ ਬੋਲੀ ਤੋਂ ਅਰਬੀ ਫਾਰਸੀ ਦੀ ਸ਼ਬਦਾਵਲੀ ਨੂੰ ਖਾਰਜ ਕਰਕੇ 'ਪ੍ਰੇਮਸਾਗਰ' ਗ੍ਰੰਥ ਦੀ ਰਚਨਾ ਕੀਤੀ। ਅਸਲ ਵਿੱਚ ਇਹ ਆਧੁਨਿਕ ਤੇ ਸਾਹਿਤਕ ਹਿੰਦੀ ਦਾ ਪਹਿਲਾ ਗ੍ਰੰਥ ਸੀ। ਏਦਾਂ ਅਪ੍ਰਕਿਰਤਕ ਭਾਸ਼ਾ ਦੀ ਰਚਨਾ ਹੋਈ, ਜਿਸ ਨੂੰ ਹਿੰਦੂ ਸਮਾਜ ਦੇ ਵੱਡੇ ਹਿੱਸੇ ਨੇ ਬੜੇ ਹੇਜ ਨਾਲ ਸਵੀਕਾਰ ਕਰਕੇ ਗਲੇ ਲਾ ਲਿਆ। ਇਸ ਦੇ ਵਿਰੋਧ ਵਿੱਚ ਮੁਸਲਿਮ ਵਿਦਵਾਨਾਂ ਨੇ ਖੜੀ ਬੋਲੀ ਤੋਂ ਸੰਸਕ੍ਰਿਤ ਦੇ ਸ਼ਬਦ ਖਾਰਜ ਕਰਨੇ ਆਰੰਭ ਕਰ ਦਿੱਤੇ ਅਤੇ ਇਸ ਤਰ੍ਹਾਂ ਅਰਬੀ ਫਾਰਸੀ ਦੀ ਸ਼ਬਦਾਵਲੀ ਦੀ ਭਰਪੂਰਤਾ ਵਾਲੀ ਇਕ ਹੋਰ ਅਪ੍ਰਕਿਰਤਕ ਭਾਸ਼ਾ ਉਰਦੂ ਦਾ ਆਗਾਜ਼ ਹੋਇਆ।

ਹਿੰਦੂ ਸਮਾਜ ਵਿੱਚ ਦੋ ਸੱਭਿਆਚਾਰਕ ਵਿਚਾਰਧਾਰਾਵਾਂ ਮੁੱਢੋਂ ਚਲੀਆਂ ਆਈਆਂ, ਅਦਵੈਤਵਾਦੀ ਸਗਲੀ ਖਲਕਤ ਨੂੰ ਬ੍ਰਹਮ-ਸਰੂਪ ਅਤੇ ਸਮਾਨ ਮੰਨਦੇ ਹਨ ਅਤੇ ਦਵੈਤਵਾਦੀ ਲੋਕ ਬ੍ਰਹਮ ਅਤੇ ਜੀਵ ਵਿੱਚ ਭਿੰਨਤਾ, ਊਚ ਨੀਚ ਅਤੇ ਵੱਖਵਾਦ ਵਿੱਚ ਵਿਸ਼ਵਾਸ ਰੱਖਦੇ ਹਨ। ਇਸੇ ਤਰ੍ਹਾਂ ਇਸਲਾਮ ਵਿੱਚ ਵੀ ਵਾਹਿਦਤੁਲਵਜੂਦ ਵਾਲੇ ਲੋਕ ਕਾਦਰ ਤੇ ਕੁਦਰਤ ਨੂੰ ਸਮਰੂਪ ਅਨੁਮਾਨਦੇ ਹਨ ਅਤੇ ਵਾਹਿਦਤੁਲਸ਼ਹੂਦ ਵਾਲੇ ਕਾਦਰ ਅਤੇ ਕੁਦਰਤ ਵਿੱਚ ਫਰਕ ਮੰਨਦੇ ਹਨ। ਦੋਵਾਂ ਸਮਾਜਾਂ ਵਿੱਚ ਰਾਜਸੀ ਚੜ੍ਹਤ ਹਮੇਸ਼ਾ ਊਚ ਨੀਚ ਤੇ ਵੱਖਵਾਦ ਨੂੰ ਮੰਨਣ ਵਾਲਿਆਂ ਦੀ ਰਹੀ ਹੈ। ਇਸ ਲਈ ਹਿੰਦੂ ਅਤੇ ਇਸਲਾਮੀ ਧਰਮ ਵਿੱਚ ਵਿਪਰੀਤ ਵਿਚਾਰਧਾਰਾਈ ਸੰਪਰਦਾਵਾਂ ਵਿੱਚ ਸਮਾਨਤਾ ਜਾਂ ਸੁਮੇਲ ਦੀ ਚੇਸ਼ਟਾ ਰੱਖਣ ਵਾਲਿਆਂ ਨੂੰ ਘ੍ਰਿਣਾ ਦੇ ਪਾਤਰ ਮੰਨਿਆ ਜਾਂਦਾ ਰਿਹਾ ਹੈ। ਸੁਲਹਕੁਲ ਤੇ ਸਾਂਝੀਵਾਲਤਾ ਵਾਲੇ ਲੋਕ ਹਮੇਸ਼ਾ ਬੇਅਸਰ ਜਿਹੇ ਰਹੇ ਹਨ। ਹਿੰਦੀ ਅਤੇ ਉਰਦੂ ਦਾ ਵਿਆਕਰਨ ਇਕੋ ਹੈ, ਸਿਰਫ ਸ਼ਬਦਾਵਲੀ ਵੱਖਰੀ ਹੈ।





ਭਾਰਤ ਵਾਲੇ ਦਿੱਲੀ ਤੋਂ ਹਿੰਦੀ ਨੂੰ ਉਤਸ਼ਾਹਿਤ ਕਰ ਰਹੇ ਹਨ ਤੇ ਪਾਕਿਸਤਾਨੀ ਉਰਦੂ ਭਾਸ਼ਾ ਨੂੰ। ਹਿੰਦੀ ਤੇ ਉਰਦੂ ਦਰਮਿਆਨ ਪੰਜਾਬੀ ਅਜਿਹੀ ਭਾਸ਼ਾ ਹੈ, ਜਿਸ ਨੂੰ 'ਹਿੰਦੂ ਤੁਰਕ ਕੀ ਕਾਣ' ਮੇਟਣ ਲਈ ਸਾਂਝੀਵਾਲਤਾ ਦੀ ਗੁੜ੍ਹਤੀ ਧੁਰੋਂ ਮਿਲੀ ਹੋਈ ਹੈ। ਪੰਜਾਬੀ ਭਾਸ਼ਾ ਸੰਸਕ੍ਰਿਤ ਤੇ ਅਰਬੀ ਫਾਰਸੀ ਦਾ ਸੰਗਮ ਹੈ। ਰਾਜਸੀ ਹਿੰਦੂ ਸਮਾਜ ਇਸ ਪਵਿੱਤਰ ਸੰਗਮ ਨੂੰ ਵਿਰੋਧ ਦੀ ਨਜ਼ਰ ਨਾਲ ਦੇਖਦਾ ਹੈ। ਉਹ ਭੁੱਲ ਜਾਂਦਾ ਹੈ ਕਿ ਪਰਾਗ ਵਿਖੇ ਸਿਤਾ ਅਸਿਤਾ, ਕਾਲੀ ਅਤੇ ਚਿੱਟੀ ਨਦੀ ਦਾ ਸੰਗਮ ਭਾਰਤ ਦਾ ਮਹਾਨ ਤੀਰਥ ਸਥਾਨ ਹੈ। ਅੱਜ ਵੀ ਪੰਜਾਬੀ ਵਿੱਚ ਵਿਪਰੀਤ ਭਾਸ਼ਾਵਾਂ ਦੇ ਸਮਾਸਾਂ ਦੀ ਭਰਮਾਰ ਹੈ। ਇਹ ਪੰਜਾਬੀ ਦਾ ਹੁਸੀਨ ਖਾਸਾ ਹੈ, ਇਸ ਦੇ ਬਿਨਾਂ ਕੋਈ ਭਾਸ਼ਾ ਸੰਕੀਰਨਤਾ ਤੇ ਸਾੜੇ ਦੀ ਭੱਠੀ ਵਿੱਚ ਰਿੱਝਣ ਜੋਗੀ ਰਹਿ ਜਾਂਦੀ ਹੈ। ਜੇ ਭਾਰਤ ਨੇ ਜਲੌਅ ਨਾਲ ਜੀਣਾ ਹੈ ਤਾਂ ਉਸ ਨੂੰ ਅਪ੍ਰਕਿਰਤਕ ਹਿੰਦੀ ਦੀ ਥਾਂ ਤਕੜੇ ਹਾਜ਼ਮੇ ਤੇ ਸਾਂਝੀਵਾਲਤਾ ਦੀ ਤਸੀਰ ਵਾਲੀ ਭਾਸ਼ਾ ਅਪਣਾਉਣੀ ਪਵੇਗੀ। ਹਿੰ-ਦੁਸਤਾਨ ਦੀ ਅਖੰਡਤਾ ਨੂੰ ਸਭ ਤੋਂ ਵਧੇਰੇ ਖਤਰਾ ਗਿੱਲਕ੍ਰਾਈਸਟ ਦੇ ਪ੍ਰਭਾਵ ਅਤੇ ਪ੍ਰੋ. ਲੱਲੂ ਲਾਲ ਦੀ ਸੰਕੀਰਣਤਾ ਤੋਂ ਹੈ। ਮੋਕਲੀ ਸੋਚ ਤੇ ਵਿਹਾਰ ਜ਼ਮਾਨੇ ਨੂੰ ਅੱਗੇ ਤੋਰਦੇ ਹਨ ਤੇ ਸਾਂਝੇ ਮਾਹੌਲ ਦੀ ਸਿਰ-ਜਣਾ ਕਰਦੇ ਹਨ। ਤੰਗ ਨਜ਼ਰ ਜ਼ਮਾਨੇ ਨੂੰ ਖੁਆਰੀ ਦੇ ਖੂਹ ਵੱਲ ਲੈ ਜਾਂਦੀ ਹੈ ਤੇ ਖੁਦਕੁਸ਼ੀ ਦਾ ਕਾਰਨ ਬਣਦੀ ਹੈ।

ਪੰਜਾਬੀਆਂ ਨੂੰ ਕੁਦਰਤ ਦੇ ਇਸ ਨੇਮ ਤੋਂ ਜਾਣੂੰ ਹੋਣਾ ਚਾਹੀਦਾ ਹੈ ਕਿ ਜੇ ਅਸੀਂ ਪੰਜਾਬੀ ਨੂੰ ਚੰਦ ਜ਼ਿਲਿਆਂ ਤੱਕ ਸੀਮਤ ਕਰਾਂਗੇ ਤਾਂ ਸਾਡੀ ਭਾਸ਼ਾ ਵੀ ਸਾਹ ਘੋਟੂ ਜਿਹੀ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਕੇ ਦਮ ਤੋੜ ਦੇਵੇਗੀ। ਦਿਲਾਂ ਦੇ ਬੰਦ ਦਰਵਾਜ਼ੇ ਝਗੜਿਆਂ ਨੂੰ ਹੀ ਜਨਮ ਦਿੰਦੇ ਹਨ।

ਆਧੁਨਿਕ ਭਾਰਤੀ ਭਾਸ਼ਾਵਾਂ ਸੰਸਕ੍ਰਿਤ ਨੂੰ ਅਲਵਿਦਾ ਆਖ ਕੇ ਅੱਗੇ ਵਧੀਆਂ, ਜਿਨ੍ਹਾਂ ਨੂੰ ਕਬੀਰ ਸਾਹਿਬ ਨੇ ਨਦੀਆਂ ਦੇ ਵਗਦੇ ਹੋਏ ਨਿਰਮਲ ਜਲ ਦਾ ਨਾਮ ਦਿੱਤਾ ਅਤੇ ਸੰਸਕ੍ਰਿਤ ਨੂੰ 'ਕੂਪ ਜਲ' ਅਰਥਾਤ 'ਖੂਹ ਦਾ ਪਾਣੀ' ਆਖਿਆ। ਸੱਚ ਇਹ ਹੈ ਕਿ ਹਿੰਦੀ ਦਾ ਮੁੱਖ ਅੱਜ ਵੀ ਸੰਸਕ੍ਰਿਤ ਵੱਲ ਹੈ, ਜਦੋਂ ਕਿ ਬਾਕੀ ਸਾਰੀਆਂ ਆਧੁਨਿਕ ਅਤੇ ਕੁਦਰਤੀ ਭਾਰਤੀ ਭਾਸ਼ਾਵਾਂ ਦਾ ਰੁਖ ਸਾਂਝੀਵਾਲਤਾ ਹੈ। ਸੰਸਕ੍ਰਿਤ ਅਤੇ ਹਿੰਦੀ ਕਦੀ ਵੀ ਅਤੇ ਕਿਸੇ ਵੀ ਖੇਤਰ ਦੇ ਲੋਕਾਂ ਦੀਆਂ ਆਮ ਬੋਲਚਾਲ ਦੀਆਂ ਭਾਸ਼ਾਵਾਂ ਨਹੀਂ ਰਹੀਆਂ। ਹਿੰਦੀ ਦੀ ਨਿਸਬਤ ਪੰਜਾਬੀ ਭਾਸ਼ਾ ਦਾ ਖੇਤਰ ਵਿਸ਼ਾਲ ਹੈ, ਜਿਸ ਦਾ ਜ਼ਿਕਰ ਲਾਲ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ 'ਪੰਜਾਬ' ਵਿੱਚ ਇਸ ਤਰ੍ਹਾਂ ਕੀਤਾ ਹੈ:

ਸ਼ਿਮਲਾ, ਡਲਹੌਜੀ, ਮਰੀ ਤਿਰੇ,
ਕਸ਼ਮੀਰ ਤਿਰਾ, ਗੁਲਮਰਗ ਤਿਰਾ,
ਦਿਲੀ ਤੇਰੀ, ਲਾਹੌਰ ਤਿਰਾ,
ਅੰਮ੍ਰਿਤਸਰ ਸੋਹੇ ਸਵਰਗ ਤਿਰਾ।

ਭਾਸ਼ਾ ਵਿਗਿਆਨੀ ਡਾ. ਹਰਕੀਰਤ ਸਿੰਘ ਨੇ ਪੰਜਾਬੀ ਦੀਆਂ ਕੁਦਰਤਨ ਉਪ ਭਾਸ਼ਾਵਾਂ ਦੀ ਸੁਚੱਜੀ ਨਿਸ਼ਾਨਦੇਹੀ ਕੀਤੀ ਹੈ। ਡਾ. ਸਾਹਿਬ ਨੇ ਆਪਣੀ ਪੁਸਤਕ 'ਸਾਡੀ ਭਾਸ਼ਾ' ਵਿੱਚ ਉਪ ਭਾਸ਼ਾ ਤੇ ਉਪ ਬੋਲੀ ਵਿੱਚ ਫਰਕ ਕੀਤਾ। ਉਨ੍ਹਾਂ ਨੇ ਉਪ ਭਾਸ਼ਾ ਲਈ 'ਡਾਇਲੈਕਟ' ਅਤੇ ਉਪ ਬੋਲੀ ਲਈ 'ਸਬਡਾਇਲੈਕਟ' ਸ਼ਬਦ ਵਰਤਿਆ। ਲਿਹਾਜ਼ਾ ਉਨ੍ਹਾਂ ਨੇ ਪੰਜਾਬੀ ਦੀਆਂ ਤਿੰਨ ਉਪ ਭਾਸ਼ਾਵਾਂ ਅਤੇ ਦਸ ਉਪ ਬੋਲੀਆਂ ਮੰਨੀਆਂ ਹਨ, ਪੂਰਬੀ ਪੰਜਾਬੀ, ਜਿਸ ਦੀਆਂ ਉਪ ਬੋਲੀਆਂ ਮਾਝੀ, ਮਲਵਈ ਤੇ ਪੁਆਧੀ ਹਨ। ਲਹਿੰਦੀ ਪੰਜਾਬੀ, ਜਿਸ ਦੀਆਂ ਉਪ ਬੋਲੀਆਂ ਮੁਲਤਾਨੀ, ਪੋਠੋਹਾਰੀ ਤੇ ਹਿੰਦਕੋ ਹਨ। ਡੋਗਰੀ ਪੰਜਾਬੀ, ਜਿਸ ਦੀਆਂ ਉਪ ਬੋਲੀਆਂ ਕਾਂਗੜੀ, ਭਟਿਆਲੀ, ਜੰਮੂਆਲੀ ਤੇ ਪੁਣਛੀ ਹਨ।

ਇਸ ਤੋਂ ਵੀ ਅੱਗੇ 'ਈਡੀਓਲੈਕਟ' ਹੁੰਦੀ ਹੈ ਜੋ ਹਰ ਵਿਅਕਤੀ ਦੀ ਅਲਹਿਦਾ ਹੁੰਦੀ ਹੈ, ਜਿਨ੍ਹਾਂ ਦੀ ਗਿਣਤੀ ਕਿਸੇ ਤਰ੍ਹਾਂ ਵੀ ਸੰਭਵ ਨਹੀਂ। ਇਕੋ ਘਰ ਵਿੱਚ ਰਹਿਣ ਵਾਲੇ ਜੀਆਂ ਦੇ ਉਚਾਰਣ ਅਲੱਗ ਹੁੰਦੇ ਹਨ। ਇਥੋਂ ਤੱਕ ਕਿ ਇਕੋ ਮਨੁੱਖ ਦੀ ਜ਼ਿੰਦਗੀ ਦੇ ਪੜਾਵਾਂ ਦੇ ਉਚਾਰਣ ਬਦਲਦੇ ਰਹਿੰਦੇ ਹਨ। ਕੋਈ ਵਿਅਕਤੀ ਕਿਸੇ ਸ਼ਬਦ ਨੂੰ ਬਚਪਨ ਵਿੱਚ ਹੋਰ ਤਰ੍ਹਾਂ ਉਚਾਰਦਾ ਹੈ, ਜੁਆਨੀ ਵਿੱਚ ਹੋਰ ਤਰ੍ਹਾਂ ਤੇ ਅਧਖੜ ਉਮਰ 'ਚ ਹੋਰ ਤੇ ਬੁਢੇਪੇ 'ਚ ਹੋਰ ਤਰ੍ਹਾਂ। ਭਾਸ਼ਾ ਦੇ ਪਛਾਣ ਚਿੰਨ੍ਹ ਸਬੰਧਕ ਤੇ ਕਿਰਿਆ ਰੂਪ ਹੁੰਦੇ ਹਨ। ਪੰਜਾਬ ਵਿੱਚ ਦਾ, ਦੀ ਅਤਾ ਕਾ, ਕੀ ਦੋਵੇਂ ਪ੍ਰਚਲੱਤ ਹਨ। ਅਸੀਂ ਕਿਸੇ ਨੂੰ 'ਰਾਮੇ ਕੇ, ਸ਼ਾਮੇ ਕੇ' ਆਖ ਦਿੰਦੇ ਹਾਂ। ਕਈ ਅਨਾੜੀ ਲੋਕ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਵਿਚਲੇ 'ਕਾ' ਨੂੰ 'ਦਾ' ਅਤੇ 'ਕੀ' ਨੂੰ 'ਦੀ' ਕਹਿ ਦਿੰਦੇ ਹਨ, ਜੋ ਕੰਨਾਂ ਵਿੱਚ ਕਚਿਆਣ ਜਿਹੀ ਭਰ ਦਿੰਦਾ ਹੈ। ਜਗਰਾਤੇ ਵਾਲੇ 'ਜੈ ਮਾਤਾ ਦੀ' ਨੂੰ ਜੇ 'ਜੈ ਮਾਤਾ ਕੀ' ਆਖ ਦੇਣ ਤਾਂ ਅਵੱਗਿਆ ਜਿਹੀ ਲੱਗਦੀ ਹੈ।

ਭਾਸ਼ਾ ਦਾ ਇਕ ਰੂਪ ਬੋਲਿਆ ਜਾਂਦਾ ਹੈ ਤੇ ਦੂਸਰਾ ਅੱਖਰਾਂ ਵਿੱਚ ਲਿਖਿਆ ਜਾਂਦਾ ਹੈ, ਜਿਸ ਨੂੰ ਲਿੱਪੀ ਕਹਿੰਦੇ ਹਨ। ਲਿੱਪੀਆਂ ਤਿੰਨ ਤਰ੍ਹਾਂ ਦੀਆਂ ਹਨ, ਅਲਫਾਬੈਟਿਕ, ਪਿਕਟੋਰੀਅਲ ਤੇ ਸਿਲੇਬਰੀ। ਅਲਫਾਬੈਟਿਕ ਲਿੱਪੀਆਂ ਉਹ ਹਨ, ਜਿਨ੍ਹਾਂ ਦੇ ਅੱਖਰ ਕੇਵਲ ਇਕ ਧੁਨੀ ਨੂੰ ਪੇਸ਼ ਕਰਦੇ ਹਨ। ਪਿਕਟੋਰੀਅਲ ਲਿੱਪੀ ਉਹ ਹੈ, ਜਿਥੇ ਕੋਈ ਅੱਖਰ ਇਕ ਚਿੱਤਰ ਹੁੰਦਾ ਹੈ, ਜੋ ਕਿਸੇ ਧੁਨੀ ਨੂੰ ਨਹੀਂ, ਬਲਕਿ ਵਿਸ਼ੇਸ਼ ਅਰਥ ਨੂੰ ਪੇਸ਼ ਕਰਦਾ ਹੈ। ਸਿਲੇਬਰੀ ਲਿੱਪੀ ਵਿੱਚ ਕੋਈ ਅੱਖਰ ਧੁਨੀ ਨੂੰ ਨਹੀਂ, ਸ਼ਬਦਾਂਸ਼ ਨੂੰ ਪੇਸ਼ ਕਰਦਾ ਹੈ।

ਇਸ ਨੁਕਤੇ ਤੋਂ ਦੇਵਨਾਗਰੀ ਅਰਧ ਸਿਲੇਬਰੀ ਲਿੱਪੀ ਹੈ, ਜਿਸ ਵਿੱਚ ਇਕ ਅੱਖਰ ਇਕ ਤੋਂ ਵਧੀਕ ਧੁਨੀਆਂ ਜਾਂ ਸ਼ਬਦਾਂਸ਼ ਲਈ ਨਿਸ਼ਚਿਤ ਹੁੰਦਾ ਹੈ। ਇਸ ਪੱਖ ਤੋਂ ਦੇਵਨਾਗਰੀ ਲਿੱਪੀ ਅਵਿਗਿਆਨਕ ਕਹੀ ਜਾਂਦੀ ਹੈ। ਕਿਸੇ ਸੱਭਿਆਚਾਰ ਵਿੱਚ ਧੁਨੀਆਤਮਕ ਤਬਦੀਲੀ ਹੁੰਦੀ ਰਹਿੰਦੀ ਹੈ। ਤੁਲਸੀਦਾਸ ਤੇ ਸੂਰਦਾਸ ਦੇ ਸਮੇਂ ਸੰਸਕ੍ਰਿਤ ਦੀਆਂ ਕਈ ਧੁਨੀਆਂ ਦੀ ਹੋਂਦ ਖਤਮ ਹੋ ਚੁੱਕੀ ਸੀ। ਬੇਸ਼ੱਕ ਦੇਵਨਾਗਰੀ ਵਿੱਚ 'ਸ਼' ਲਈ ਦੋ ਅੱਖਰ ਨਿਸ਼ਚਿਤ ਸਨ, ਪਰ ਉਸ ਵੇਲੇ 'ਸ਼' ਦੀ ਧੁਨੀ ਲੋਪ ਹੋ ਚੁੱਕੀ ਸੀ। ਸੂਰਦਾਸ ਨੇ 'ਸੂਰਸਾਗਰ' ਵਿੱਚ ਸ਼ਬਦ ਨੂੰ 'ਸਬਦ' ਲਿਖਿਆ। ਤੁਲਸੀਦਾਸ ਨੇ 'ਰਮਾਇਣ' ਵਿੱਚ ਸ਼ੂਦਰ ਨੂੰ 'ਸੂਦਰ' ਅਤੇ ਪਸ਼ੂ ਨੂੰ 'ਪਸੂ' ਲਿਖਿਆ। ਅਚਾਰੀਆ ਰਜਨੀਸ਼ 'ਸ਼' ਦੀ ਧੁਨੀ ਵਾਲੇ ਸ਼ਬਦਾਂ ਨੂੰ 'ਸ' ਕਰਕੇ ਬੋਲਦੇ ਸਨ। ਅੱਜ ਵੀ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ 'ਸ਼' ਨੂੰ 'ਸ' ਬੋਲਿਆ ਜਾਂਦਾ ਹੈ। ਕਨ੍ਹੱਈਆ ਕੁਮਾਰ ਵੀ ਸ਼ਾਸਤਰੀ ਨੂੰ 'ਸਾਸਤਰੀ' ਬੋਲਦਾ ਹੈ। ਇਹ ਹਿੰਦੀ ਨਹੀਂ ਹੈ। ਹਿੰਦੀ ਸਿਰਫ ਰੇਡੀਓ 'ਤੇ ਬੋਲੀ ਜਾਂਦੀ ਜਾਂ ਫਿਰ ਪੜ੍ਹੇ ਲਿਖੇ ਲੋਕ ਸਿਆਸੀ ਚੇਤਨਾ ਅਧੀਨ ਬੋਲਦੇ ਹਨ। ਉਨ੍ਹਾਂ ਨੂੰ ਆਪਣੀ ਮਾਤ ਭਾਸ਼ਾ ਵਿੱਚ ਬੋਲਣਾ ਅਨਪੜ੍ਹਤਾ ਲੱਗਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਪੰਜਾਬ ਵਿੱਚ ਕੇਵਲ ਪੈਂਤੀ ਧੁਨੀਆਂ ਸਨ। ਇਕ ਧੁਨੀ ਲਈ ਇਕ ਅੱਖਰ ਦੇ ਹਿਸਾਬ ਪੈਂਤੀ ਅੱਖਰ ਰੱਖੇ ਗਏ। ਗੁਰਮੁਖੀ ਨੂੰ ਪੈਂਤੀ ਵੀ ਕਹਿੰਦੇ ਹਨ। ਪੈਂਤੀ ਧੁਨੀਆਂ, ਪੈਂਤੀ ਅੱਖਰ ਅਤੇ ਪੈਂਤੀ ਨਾਂ। ਇਸੇ ਕਰਕੇ ਗੁਰਮੁਖੀ ਲਿੱਪੀ ਦੇਵਨਾਗਰੀ ਵਾਲੇ ਸੈਮੀ ਸਿਲੇਬਰੀ ਦੋਸ਼ ਤੋਂ ਮੁਕਤ ਹੈ। ਭਾਸ਼ਾ ਦਾ ਸਬੰਧ ਸੱਭਿਆਚਾਰ ਨਾਲ ਹੈ। ਰਾਜਨੀਤੀ ਤੇ ਧਰਮ ਦੀ ਆੜ ਹੇਠ ਇਸ ਨੂੰ ਦਬੇਲ ਬਣਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪੰਜਾਬੀ ਭਾਸ਼ਾ ਧਰਤੀ ਦੇ ਵਿਸ਼ਾਲ ਖੇਤਰਾਂ ਤੱਕ ਫੈਲੀ ਹੋਈ ਹੈ। ਕਿਸੇ ਪ੍ਰਕਿਰਤਕ ਅਤੇ ਕੁਦਰਤੀ ਭਾਸ਼ਾ ਨੂੰ ਅਪ੍ਰਕਿਰਤਕ ਭਾਸ਼ਾ ਦੀਆਂ ਧਮਕੀਆਂ ਮਿਲਣੀਆਂ ਦੇਸ਼ ਦੇ ਹਿੱਤ ਵਿੱਚ ਨਹੀਂ ਹਨ।

# ਲੋਕਾਂ 'ਤੇ ਹਾਵੀ ਹੋ ਰਿਹਾ ਤੰਤਰ

-ਲਕਸ਼ਮੀਕਾਂਤਾ ਚਾਵਲਾ

ਆਮ ਲੋਕਾਂ ਨੂੰ ਦੇਸ਼ ਦੀ ਪਾਰਲੀਮੈਂਟ ਵਿੱਚ ਨਵਾਂ ਮੋਟਰ ਵਾਹਨ ਸੋਧ ਕਾਨੂੰਨ ਪਾਸ ਹੋਣ ਕਾਰਨ ਇਸ ਉਤੇ ਸ਼ੱਕ ਸੀ। ਇਹ ਕਾਨੂੰਨ ਲਾਗੂ ਹੋਣ ਮਗਰੋਂ ਪੂਰੇ ਦੇਸ਼ ਵਿੱਚ ਅਜਿਹਾ ਮਾਹੌਲ ਬਣ ਗਿਆ, ਜਿਵੇਂ ਪੁਲਸ ਤੇ ਦੇਸ਼ ਵਾਸੀ ਦੋ ਵੱਖੋ-ਵੱਖਰੇ ਖੇਮੇ ਹੋਣ ਅਤੇ ਦੋਵਾਂ ਵਿਚਾਲੇ ਸੰਘਰਸ਼ ਚੱਲ ਰਿਹਾ ਹੋਵੇ। ਜਿਥੇ ਲੋਕ ਭਾਰੀ ਪੈ ਰਹੇ ਹਨ, ਪੁਲਸ ਖਾਮੋਸ਼ ਹੋ ਜਾਂਦੀ ਹੈ, ਪਰ ਜ਼ਿਆਦਾਤਰ ਕੇਸਾਂ ਵਿੱਚ ਸਰਕਾਰੀ ਤੰਤਰ ਭਾਰੀ ਹੋ ਰਿਹਾ ਹੈ ਅਤੇ ਪੁਲਸ ਲੋਕਾਂ ਨੂੰ ਕੁੱਟ ਕੇ ਆਪਣੇ ਅਧਿਕਾਰਾਂ ਦੀ ਬੇਹੂਦਾ ਨੁਮਾਇਸ਼ ਕਰਦੀ ਹੈ। ਇਸ ਤੋਂ ਪਹਿਲਾਂ ਵੀ ਥਾਣਿਆਂ ਵਿੱਚ ਪੁਲਸ ਦੀ ਬੇਰਹਿਮੀ ਤੇ ਅਜਿਹੇ ਮਾਮਲਿਆਂ ਵਿੱਚ ਨੀਤੀ ਘਾੜਿਆਂ ਦੀ ਚੁੱਪ ਕਾਰਨ ਵਧਦਾ ਜ਼ੁਲਮ ਆਮ ਵਿਅਕਤੀ ਨੂੰ ਸਹਿਣਾ ਪੈਂਦਾ ਹੈ, ਸੱਤਾਧਾਰੀਆਂ ਨੂੰ ਨਹੀਂ।

ਪਿਛਲੇ ਦਿਨੀਂ ਕਰਨਾਟਕ ਦੇ ਬੰਗਲੁਰੂ ਦੇ ਇਕ ਥਾਣੇ ਵਿੱਚ ਇਕ ਨੌਜਵਾਨ ਨੂੰ ਕੁੱਟ ਦਾ ਦ੍ਰਿਸ਼ ਸਾਹਮਣੇ ਆਇਆ, ਜਿਸ ਨੂੰ ਪਹਿਲਾਂ ਰੱਸੀ ਨਾਲ ਬੰਨ੍ਹ ਕੇ ਪੁੱਠਾ ਲਟਕਾਇਆ ਅਤੇ ਡੰਡੇ ਨਾਲ ਝੰਬਿਆ ਗਿਆ। ਜਦੋਂ ਰੱਸੀ ਟੁੱਟ ਗਈ ਤਾਂ ਉਸ ਨੂੰ ਜ਼ਮੀਨ ਉਤੇ ਸੁੱਟ ਕੇ ਇੰਸਪੈਕਟਰ ਡੰਡਿਆਂ ਨਾਲ ਉਦੋਂ ਤੱਕ ਕੁੱਟਦਾ ਰਿਹਾ, ਜਦੋਂ ਤੱਕ ਆਪ ਹੱਫ ਨਾ ਗਿਆ। ਸਵਾਲ ਉਠਦਾ ਹੈ ਕਿ ਇਹ ਆਜ਼ਾਦ ਭਾਰਤ ਦੀ ਪੁਲਸ ਹੈ? ਕੀ ਇਸੇ ਲਈ ਭਾਰਤੀ ਜਨਤਾ ਨੇ ਕਾਲੇ ਪਾਣੀ ਦੇ ਤਸੀਹੇ ਸਹਿ ਕੇ ਬ੍ਰਿਟਿਸ਼ ਸਾਮਰਾਜਵਾਦ ਤੋਂ ਦੇਸ਼ ਆਜ਼ਾਦ ਕਰਾਇਆ ਸੀ? ਸਵਾਲ ਇਹ ਵੀ ਹੈ ਕਿ ਅਰਬਾਂ ਖਰਬਾਂ ਦੇ ਘੁਟਾਲੇ ਵਿੱਚ ਫੜੇ ਜਾਂਦੇ ਵੱਡੇ-ਵੱਡੇ ਸਿਆਸਤਦਾਨਾਂ ਨਾਲ ਵੀ ਕੀ ਇਹ ਸਲੂਕ ਕੀਤਾ ਜਾਂਦਾ ਹੈ? ਇਸ ਦਾ ਜਵਾਬ ਸਿੱਧਾ ਨਹੀਂ। ਹਾਲੇ ਤੱਕ ਕੋਈ ਵੀ ਇਹ ਨਹੀਂ ਦੱਸ ਸਕਿਆ ਕਿ ਪੁਲਸ ਕਿਸ ਦੀ ਇਜਾਜ਼ਤ ਅਤੇ ਕਿਸ ਕਾਨੂੰਨ ਤਹਿਤ ਅੰਨ੍ਹਾ ਤਸ਼ੱਦਦ ਕਰਦੀ ਹੈ। ਉਤਰ ਪ੍ਰਦੇਸ਼ ਦੀ ਪੁਲਸ ਨੇ ਸਿਧਾਰਥ ਨਗਰ ਵਿੱਚ ਹੈਲਮੈਟ ਨਾ ਪਹਿਨਣ ਵਾਲੇ ਜਵਾਨ ਨੂੰ ਸੜਕ ਉਤੇ ਸੁੱਟ ਕੇ ਉਸ ਦੀ ਮਾਸੂਮ ਧੀ ਸਾਹਮਣੇ ਉਸ ਦੀ ਖਿੱਚਧੂਹ ਕੀਤੀ ਤੇ ਅਪਮਾਨਿਤ ਕੀਤਾ। ਕੁਝ ਦਿਨ ਪਹਿਲਾਂ ਚੰਡੀਗੜ੍ਹ ਵਿੱਚ ਵੀ ਅਜਿਹੀ ਘਟਨਾ ਵਾਪਰੀ।

ਸਵਾਲ ਉਠਦਾ ਹੈ ਕਿ ਹੈਲਮੈਟ ਨਾ ਪਾਉਣ ਵਾਲਿਆਂ ਨੂੰ ਕੀ ਪੁਲਸ ਮਾਰ ਮੁਕਾਏਗੀ? ਇਹ ਬਿਹਤਰ ਹੋਣਾ ਸੀ, ਜੇ ਪੂਰੇ ਦੇਸ਼ ਵਿੱਚ ਛੇ ਮਹੀਨੇ ਲਈ ਇਹ ਕਾਨੂੰਨ ਸਿਰਫ ਪੁਲਸ, ਆਗੂਆਂ, ਉਚ ਅਧਿਕਾਰੀਆਂ ਅਤੇ ਅਸਲੀ ਜਾਂ ਨਕਲੀ ਵੀ ਆਈ ਪੀਜ਼ ਉਤੇ ਲਾਗੂ ਕੀਤਾ ਜਾਂਦਾ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇਕ ਇੰਟਰਵਿਊ ਦੌਰਾਨ ਕਿਹਾ ਕਿ ਕਾਨੂੰਨ ਦਾ ਮਹਿਜ਼ ਡਰ ਨਹੀਂ, ਸਨਮਾਨ ਵੀ ਹੋਣਾ ਚਾਹੀਦਾ ਹੈ। ਮੇਰੀ ਬੇਨਤੀ ਹੈ ਕਿ ਜਦੋਂ ਤੱਕ ਕਾਨੂੰਨ ਲਾਗੂ ਕਰਾਉਣ ਵਾਲੇ ਅਤੇ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿੱਚ ਬੈਠੇ ਕਾਨੂੰਨਘਾੜੇ ਕਾਨੂੰਨ ਤੋਂ ਨਹੀਂ ਡਰਨਗੇ, ਇਸ ਦਾ ਪਾਲਣ ਤੇ ਸਨਮਾਨ ਨਹੀਂ ਕਰਨਗੇ, ਆਮ ਲੋਕਾਂ ਤੋਂ ਇਹ ਆਸ ਰੱਖਣਾ ਵਿਅਰਥ ਹੈ। ਦੇਸ਼ ਤੇ ਸਮਾਜ ਦੇ ਖਾਸ ਵਿਅਕਤੀ ਜਿਸ ਰਸਤੇ ਉਤੇ ਚੱਲਦੇ ਹਨ ਉਸੇ 'ਤੇ ਆਮ ਲੋਕ ਚੱਲਦੇ ਹਨ। ਉਂਜ ਵੀ ਦੇਸ਼ ਦੇ ਸ਼ਾਸਕਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਿਰਫ ਡੰਡੇ ਤੋਂ ਡਰ ਨਾਲ ਦੇਸ਼ ਨਹੀਂ ਟੱਲ ਸਕਦਾ। ਇਹ ਮਿਸਾਲ ਬਣਨ ਉਤੇ ਕਿ ਕਾਨੂੰਨਘਾੜੇ ਕਾਨੂੰਨ ਦਾ ਪਾਲਣ ਕਰਦੇ ਹਨ ਤੇ ਲਾਗੂ ਕਰਾਉਣ ਵਾਲੇ ਆਪ ਨੇਮਾਂ ਮੁਤਾਬਕ ਚੱਲਦੇ ਹਨ ਤਾਂ ਬਾਕੀ ਲੋਕ ਕਾਨੂੰਨਾਂ ਦਾ ਪਾਲਣ ਕਰਦੇ ਹਨ।

ਮੇਰਾ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਸਿੱਧਾ ਸਵਾਲ ਹੈ ਕਿ ਕੀ ਕਦੇ ਜਾਪਾਨ, ਅਮਰੀਕਾ ਆਦਿ ਜਿਹੇ ਦੇਸ਼ਾਂ ਕਿਸੇ ਬੇਦੋਸ਼ੇ ਨਾਗਰਿਕ ਦੀ ਇਸ ਤਰ੍ਹਾਂ ਸੜਕ ਉਤੇ ਬੇਰਹਿਮੀ ਨਾਲ ਮਾਰਕੁੱਟ ਹੋਈ ਹੈ? ਇਸ ਸਾਰੇ ਸਮਾਜਿਕ ਸੰਕਟ ਦਾ ਦੂਜਾ ਪੱਖ ਵੀ ਦਿਖਾਈ ਦੇਂਦਾ ਹੈ, ਜਿਸ ਨੂੰ ਕਿਸੇ ਪੱਖ ਤੋਂ ਸਿਹਤਮੰਦ ਰੁਝਾਨ ਨਹੀਂ ਕਿਹਾ ਜਾ ਸਕਦਾ। ਦੋ ਦਿਨਾਂ ਵਿੱਚ ਤਿੰਨ ਅਜਿਹੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ ਜਿਥੇ ਪੁਲਸ ਨੂੰ ਲੋਕਾਂ ਨੇ ਘੇਰਿਆ। ਇਕ ਉਹ ਜਵਾਨ ਵਿਖਾਈ ਦਿੱਤਾ ਸੀ, ਜੋ ਪੁਲਸ ਦੇ ਹੌਲਦਾਰ ਨੂੰ ਹੈਲਮੈਟ ਨਾ ਪਹਿਨਣ ਉਤੇ ਰੋਕ ਰਿਹਾ ਹੈ। ਉਸ ਦੇ ਵਾਹਨ ਦੇ ਜ਼ਰੂਰੀ ਦਸਤਾਵੇਜ਼ ਵਿਖਾਉਣ ਦੀ ਗੱਲ ਕਰ ਰਿਹਾ ਹੈ। ਉਸ ਦੀ ਦਲੀਲ ਸੀ ਕਿ ਇਸੇ ਪੁਲਸ ਕਰਮਚਾਰੀ ਨੇ ਉਸ ਦਾ ਵਾਹਨ ਚਲਾਨ ਦੀ ਰਕਮ ਜਮ੍ਹਾਂ ਨਾ ਕਰਾਉਣ ਕਾਰਨ ਜ਼ਬਤ ਕੀਤਾ ਹੈ ਤਾਂ ਇਹ ਪੁਲਸ ਵਾਲੇ ਦਾ ਵਾਹਨ ਜ਼ਬਤ ਕਿਉਂ ਨਾ ਹੋਵੇ। ਇਕ ਦ੍ਰਿਸ਼ ਭੋਪਾਲ ਦਾ ਸੀ, ਜਿਥੇ ਕੁਝ ਔਰਤਾਂ ਇਕ ਪੁਲਸ ਕਰਮਚਾਰੀ ਦੀ ਮਾਰਕੁੱਟ ਕਰ ਰਹੀਆਂ ਸਨ। ਇਸ ਤੋਂ ਇਲਾਵਾ ਅੰਮ੍ਰਿਤਸਰ ਵਿੱਚ ਵੱਡੀ ਘਟਨਾ ਵਾਪਰੀ ਜਿਥੇ ਇਕ ਸਬ ਇੰਸਪੈਕਟਰ ਨੂੰ ਪਿੰਡ ਦੇ ਲੋਕਾਂ ਨੇ ਝੰਬਿਆ। ਉਸ ਦੀ ਕੁੱਟ-ਕੁੱਟ ਕੇ ਬੁਰੀ ਹਾਲਤ ਕਰ ਦਿੱਤੀ ਗਈ। ਇਹ ਠੀਕ ਹੈ ਕਿ ਪੁਲਸ ਕਾਨੂੰਨ ਦੀ ਓਟ ਵਿੱਚ ਆਪਣੇ ਆਪ ਨੂੰ ਬਚਾ ਲੈਂਦੀ ਹੈ। ਸਰਕਾਰੀ ਕਰਮਚਾਰੀ ਦੀ ਡਿਊਟੀ ਵਿੱਚ ਅੜਚਣ ਪਾਉਣ ਦਾ ਕੇਸ ਬਣਾ ਦਿੰਦੀ ਹੈ। ਮੁਲਜ਼ਮਾਂ ਨੂੰ ਥਾਣੇ ਲਿਜਾ ਕੇ ਕੁੱਟ ਦਾ ਬਦਲਾ ਲੈਣਾ ਜਾਣਦੀ ਹੈ।

ਕੀ ਸਰਕਾਰ ਇਹ ਚਾਹੁੰਦੀ ਹੈ ਕਿ ਆਮ ਲੋਕਾਂ ਤੇ ਪੁਲਸ ਦਰਮਿਆਨ ਸੜਕਾਂ ਉਤੇ ਲੜਾਈ ਸ਼ੁਰੂ ਹੋ ਜਾਵੇ? ਇਹ ਨਾ ਦੇਸ਼ ਲਈ ਚੰਗਾ ਹੈ ਤੇ ਨਾ ਸਮਾਜ ਲਈ। ਦਰਅਸਲ, ਪੁਲਸ ਨੂੰ ਕਾਨੂੰਨ ਅਤੇ ਸਮਾਜ ਤੇ ਦੇਸ਼ ਦੀ ਅੰਦਰੂਨੀ ਸੁਰੱਖਿਆ ਦੀ ਜ਼ਿੰਮੇਵਾਰੀ ਨਿਭਾਉਂਦੀ ਹੈ। ਉਂਜ ਇਹ ਸੱਚ ਹੈ ਕਿ ਪੁਲਸ ਪ੍ਰਤੀ ਆਮ ਲੋਕਾਂ ਨੂੰ ਵਿਸ਼ਵਾਸ ਘੱਟ ਹੈ ਤੇ ਮਜਬੂਰੀ ਵਿੱਚ ਹੀ ਪੁਲਸ ਵਾਲਿਆਂ ਦੀ ਇੱਜ਼ਤ ਕੀਤੀ ਜਾਂਦੀ ਹੈ। ਪੁਲਸ ਅਤੇ ਲੋਕਾਂ ਦਰਮਿਆਨ ਝੜਪਾਂ ਨਾਲ ਦੇਸ਼, ਸਮਾਜ, ਸਰਕਾਰ ਜਾਂ ਜਮਹੂਰੀਅਤ ਦਾ ਭਲਾ ਨਹੀਂ ਹੋ ਸਕਦਾ। ਸਾਡਾ ਦੇਸ਼ ਜਮਹੂਰੀ ਸ਼ਾਸਨ ਪ੍ਰਣਾਲੀ ਵਾਲਾ ਦੇਸ਼ ਹੈ। ਜਨਤਾ ਸਰਕਾਰੀ ਤੰਤਰ ਦੀ ਗੁਲਾਮ ਨਹੀਂ। ਇਹ ਵੀ ਸੱਚ ਹੈ ਕਿ ਲੋਕਾਂ ਦੇ ਚੁੱਪ ਹੋਣ ਦੀ ਸੂਰਤ ਵਿੱਚ ਤੰਤਰ ਦਾ ਕਰੂਰ ਚਿਹਰਾ ਸਾਹਮਣੇ ਆਉਂਦਾ ਹੈ। ਸਰਕਾਰਾਂ ਨੂੰ ਇਹ ਯਾਦ ਰੱਖਣਾ ਹੋਵੇਗਾ ਕਿ ਜੇ ਸਖਤ ਕਾਨੂੰਨ ਤੇ ਭਾਰੀ ਸਜ਼ਾ ਦੇ ਪ੍ਰਬੰਧ ਕਾਰਨ ਕਾਨੂੰਨ ਲਾਗੂ ਹੋ ਜਾਂਦੇ ਤਾਂ ਸਮਾਜ ਕਦੋਂ ਦਾ ਅਪਰਾਧ ਮੁਕਤ ਹੋ ਜਾਂਦਾ। ਠੀਕ ਹੈ ਕਿ ਸਮਾਜ ਨੂੰ ਕਾਨੂੰਨ ਦਾ ਡਰ ਹੋਣਾ ਚਾਹੀਦਾ ਹੈ। ਸਮਾਜ ਨੂੰ ਨਿਯੰਤਰਣ ਵਿੱਚ ਰੱਖਣ ਲਈ ਕਾਨੂੰਨ ਬਣਨੇ ਚਾਹੀਦੇ ਹਨ, ਪਰ ਸਮਾਜ ਨੂੰ ਇਨ੍ਹਾਂ ਬਾਰੇ ਸਿੱਖਿਅਤ ਕੀਤਾ ਜਾਵੇ। ਬੱਚਿਆਂ ਨੂੰ ਸਕੂਲਾਂ ਵਿੱਚ ਹੀ ਚੰਗੇ ਸੰਸਕਾਰ ਦਿੱਤੇ ਜਾਣ ਤਾਂ ਜੋ ਉਹ ਵੱਡੇ ਹੋ ਕੇ ਚੰਗੇ ਨਾਗਰਿਕ ਬਣ ਸਕਣ।

# ਵਿਅੰਗ: ਪਰੀ ਦੇ ਇੰਤਜ਼ਾਰ ਵਿੱਚ ਸਿੰਡਰੇਲਾ

-ਸ਼ਾਂਤੀ ਲਾਲ ਜੈਨ-

ਇੱਕ ਸੀ ਸਿੰਡਰੇਲਾ। ਆਪਣੀ ਮਤਰੇਈ ਮਾਂ ਦੇ ਵਤੀਰੇ ਤੋਂ ਦੁਖੀ ਰਹਿੰਦੀ ਸੀ। ਇੱਕ ਦਿਨ ਇੱਕ ਪਰੀ ਆਈ। ਉਸ ਨੇ ਜਾਦੂ ਨਾਲ ਸਿੰਡਰੇਲਾ ਨੂੰ ਸੋਹਣਾ ਜਿਹਾ ਕਰ ਕੇ ਤਿਆਰ ਕਰ ਦਿੱਤਾ ਅਤੇ ਜਾਦੂ ਵਾਲੇ ਰੱਥ ਉੱਤੇ ਉਸ ਨੂੰ ਰਾਜਮਹਿਲ ਦੀ ਦਾਅਵਤ ਵਿੱਚ ਭੇਜ ਦਿੱਤਾ। ਵਾਪਸੀ ਵੇਲੇ ਸਿੰਡਰੇਲਾ ਦਾ ਇੱਕ ਸੈਂਡਲ ਮਹਿਲ ਵਿੱਚ ਹੀ ਰਹਿ ਗਿਆ। ਰਾਜ ਕੁਮਾਰ ਨੇ ਉਸ ਸੈਂਡਲ ਦੇ ਸਹਾਰੇ ਉਸ ਨੂੰ ਲੱਭਿਆ। ਸਿਪਾਹੀਆਂ ਨੇ ਉਸ ਨੂੰ ਲੱਭ ਕੇ ਰਾਜ ਕੁਮਾਰ ਦੇ ਸਾਹਮਣੇ ਹਾਜ਼ਰ ਕੀਤਾ। ਰਾਜ ਕੁਮਾਰ ਨੇ ਉਸ ਨਾਲ ਵਿਆਹ ਕਰ ਕੇ ਉਸ ਨੂੰ ਰਾਣੀ ਬਣਾ ਲਿਆ। ਇਹ ਕਹਾਣੀ ਇੱਕ ਨਾਨੇ ਨੇ ਸੁਣਾਈ ਸੀ।

'...ਪਰ ਨਾਨੂ, ਬਿਨਾਂ ਸੈਂਡਲ ਦੇ ਉਹ ਤੁਰੀ ਕਿਵੇਂ?' ਜਿਨ੍ਹਾਂ ਘਰਾਂ ਵਿੱਚ ਬਾਥਰੂਮ, ਰਸੋਈ ਅਤੇ ਬਗੀਚੀ ਵਿੱਚ ਜਾਣ ਦੇ ਲਈ ਅਲੱਗ-ਅਲੱਗ ਚੱਪਲ ਹੁੰਦੀ ਹੈ, ਉਨ੍ਹਾਂ ਘਰਾਂ ਦੇ ਮਾਸੂਮ ਬੱਚੇ ਇਹ ਪ੍ਰੇਸ਼ਾਨ ਕਰਨ ਵਾਲੇ ਸਵਾਲ ਪੁੱਛ ਲੈਂਦੇ ਹਨ। ਪੁੱਛਦੇ-ਪੁੱਛਦੇ ਬੱਚੇ ਨੂੰ ਨੀਂਦ ਆ ਗਈ।

ਨਿਊਜ਼ ਚੈਨਲ ਵੀ ਦਿਖਾ ਰਹੇ ਹਨ ਕਿ ਨੰਗੇ ਪੈਰ, ਪੈਦਲ ਘਰ-ਪਿੰਡ ਨੂੰ ਜਾਂਦੀ ਬਦਨਸੀਬ ਲੜਕੀ। ਕਹਿ ਲਓ ਕਿ ਸਾਡੇ ਦੇਸ਼ ਦੀ ਸਿੰਡਰੇਲਾ। ਸਿਸਟਮ ਦੇ ਭੇਦਭਾਵ ਦੀ ਮਾਰ ਹਰ ਪਾਸਿਉਂ ਸਹਿੰਦੀ ਹੋਈ। ਲਾਕਡਾਊਨ ਦੇ ਸ਼ਿਕਾਰ ਬੇਵੱਸ, ਲਾਚਾਰ ਪਿਤਾ ਨਾਲ ਨਿਕਲੀ ਹੈ। ਪਾਟੀ ਹੋਈ ਫਰਾਕ, ਉਲਝੇ ਹੋਏ ਵਾਲ, ਸਿਰ ਖੁਰਕਦੀ ਹੋਈ, ਮੈਲ ਦੀ ਪਰਤ ਜੰਮੇ ਹੱਥ ਪੈਰ, ਸੁੱਕੇ ਬੁੱਲ੍ਹ, ਅੱਥਰੂਆਂ ਦੀ ਧਾਰ ਨਾਲ ਬਣੀਆਂ ਲਕੀਰਾਂ ਗੱਲ੍ਹਾਂ ਉੱਤੇ ਪੜ੍ਹੀਆਂ ਜਾ ਸਕਦੀਆਂ ਹਨ। ਸਵੇਰ ਤੋਂ ਦੋ ਵਾਰ ਕੁੱਟ ਖਾ ਚੁੱਕੀ ਹੈ। ਉਹ ਰੋਟੀ, ਜੋ ਸੁੱਕ ਕੇ ਟੋਸਟ ਵਰਗੀ ਕੜਕ ਹੋ ਚੁੱਕੀ ਹੈ, ਉਹੀ ਮੰਗਦੀ ਹੈ। ਪਿਤਾ ਕਹਿ ਰਿਹਾ ਹੈ ਕਿ ਖਤਮ ਹੋ ਗਈ ਹੈ, ਤਦ ਵੀ ਜ਼ਿੱਦ ਕਰੀ ਬੈਠੀ ਹੈ। ਸਿਸਟਮ ਨੇ ਚਹੇਤੀਆਂ ਸੰਤਾਨਾਂ ਨੂੰ ਬਾਈ-ਏਅਰ ਅਵੈਕਿਊਏਟ ਕਰਾ ਲਿਆ ਹੈ। ਮਤਰੇਈ ਸਿੰਡਰੇਲਾ? ਤਿੰਨ ਦਿਨਾਂ ਤੋਂ ਤੁਰ ਰਹੀ ਹੈ। ਕਦੇ ਕਿਸੇ ਟਰੱਕ ਵਾਲੇ ਨੇ ਬਿਠਾ ਲਿਆ ਤਾਂ ਕਦੇ ਕਿਸੇ ਟੈਂਕਰ ਦੇ ਉਪਰ। ਥੋੜ੍ਹੀ ਥੋੜ੍ਹੀ ਦੇਰ ਬਾਅਦ ਪਿਤਾ ਦੇ ਮੋਢੇ 'ਤੇ, ਜ਼ਿਆਦਾਤਰ ਬੱਸ ਪੈਦਲ ਹੀ। ਰਬੜ ਦੀ ਚੱਪਲ ਸੀ ਪੈਰ ਵਿੱਚ, ਉਹ ਵੀ ਟੁੱਟ ਗਈ। ਸੜਕ ਅਤੇ ਪੈਰਾਂ ਦੀਆਂ ਤਲੀਆਂ ਵਿੱਚ ਪਏ ਛਾਲਿਆਂ ਨੇ ਇੱਕ ਪਰਤ ਜਿਹੀ ਬਣਾ ਲਈ ਹੈ। ਦਰਦ ਆਦਤ ਬਣਦਾ ਜਾਂਦਾ ਹੈ। ਛਾਲੇ ਵਿੱਚ ਕੰਡਾ ਲੱਗਣ 'ਤੇ ਚੀਕ ਨਿਕਲ ਜਾਂਦੀ ਹੈ। ਪਿਤਾ ਹੱਥ ਖਿੱਚ-ਖਿੱਚ ਕੇ ਤੋਰਦੇ ਜਾ ਰਹੇ ਹਨ। ਪੈਰਾਂ ਦੇ ਛਾਲਿਆਂ 'ਤੇ ਭਾਰੀ ਮਜਬੂਰੀ। ਮੋਟਰ ਦਿਸਦੀ ਹੈ ਤਾਂ ਭੱਜ ਕੇ ਲੈ ਜਾਂਦਾ ਹੈ ਪਿਤਾ ਉਸ ਵੱਲ। ਮੋਟਰ ਹੈ ਕਿ ਰੁਕਦੀ ਨਹੀਂ। ਦੌੜਦੇ-ਦੌੜਦੇ ਡਿੱਗ ਜਾਂਦੀ ਹੈ ਪਿਤਾ ਦੇ ਸਿਰ ਤੋਂ ਗ੍ਰਿਹਸਤੀ ਦੀ ਗੱਠੜੀ।

ਓ ਪਰੀ, ਕੀ ਤੂੰ ਭੁੱਲ ਗਈ ਏਂ ਆਪਣੀ ਸਿੰਡਰੇਲਾ ਨੂੰ? ਤੂੰ ਅੱਜ ਆਕਾਸ਼ ਤੋਂ ਉਤਰਦੀ ਤਾਂ ਪੁੱਛਦੀ, 'ਸਿੰਡਰੇਲਾ, ਮੇਰੀ ਬੱਚੀ, ਕੀ ਚਾਹੀਦਾ ਹੈ ਤੈਨੂੰ?" ਕਹਿੰਦੀ, "ਟੁੱਟੀ ਚੱਪਲ ਵਿੱਚ ਦੋ ਮੇਖਾਂ ਠੋਕ ਦੇ ਕੋਈ ਜਾਂ ਟਾਂਕਾ ਹੀ ਲਾ ਦੇਵੇ।" ਨਾ ਡਿਜ਼ਾਈਨਰ ਗਾਊਨ, ਨਾ ਲੂਡੋ ਕਿੰਗ ਜਾਂ ਸਬ-ਵੇ ਸਰਫਰ ਖੇਡਣ ਲਈ ਸਮਾਰਟਫੋਨ, ਨਾ ਮੋਟੂ ਪਤਲੂ ਤੇ ਨਿੰਜਾ ਹਥੌੜੀ ਦੇ ਕਾਰਟੂਨ ਤੱਕ ਦਾ ਕਿਡਸ ਪੈਕ। ਉਸ ਨੂੰ ਨਾ ਰਾਜਕੁਮਾਰ ਚਾਹੀਦੈ, ਨਾ ਭੁੱਲਿਆ ਹੋਇਆ ਸੈਂਡਲ, ਜਿਸ ਨੇ ਰਾਜਸ਼ਾਹੀ ਦੇ ਦੌਰ ਵਿੱਚ ਤਕਦੀਰ ਬਦਲ ਦਿੱਤੀ ਸੀ। ਤਕਦੀਰ ਵਿੱਚ ਪਹਿਨਣ ਲਾਇਕ ਚੱਪਲ ਹੋ ਜਾਏ, ਬੱਸ ਇੰਨਾ ਹੀ ਬਹੁਤ ਹੈ। ਛੋਟੀਆਂ-ਛੋਟੀਆਂ ਅੱਖਾਂ, ਉਸ ਤੋਂ ਵੀ ਛੋਟੇ ਸੁਫਨੇ।

ਓ ਪਰੀ, "ਤੂੰ ਇੱਕ ਵਾਰ ਆ ਕਿਉਂ ਨਹੀਂ ਜਾਂਦੀ ਮਦਦ ਲਈ। ਦੇਖ, ਸਿੰਡਰੇਲਾ ਤੁਰਦੇ-ਤੁਰਦੇ ਸੜਕ ਵਿਚਕਾਰ ਆ ਜਾਂਦੀ ਹੈ। ਓਡੀ-ਸ਼ੇਵਰਲੇ ਕਾਰ ਦੇ ਮਾਲਕਾਂ ਤੋਂ ਗਾਲ੍ਹਾਂ ਖਾ ਕੇ ਫਿਰ ਸੜਕ ਦੇ ਖੱਬੇ ਪਾਸੇ ਹੋ ਜਾਂਦੀ ਹੈ। ਮੌਤ ਚੁਣਨਾ ਨਾ ਉਸ ਦੇ ਹੱਥ ਵਿੱਚ ਹੈ, ਨਾ ਉਸ ਦੇ ਪਿਤਾ ਦੇ। ਉਹ ਕਿਵੇਂ ਵੀ ਮਰ ਸਕਦੇ ਹਨ ਐਕਸੀਡੈਂਟ ਨਾਲ, ਭੁੱਖ ਨਾਲ ਜਾਂ ਇੰਝ ਹੀ ਲਗਾਤਾਰ ਤੁਰਦੇ-ਤੁਰਦੇ। ਮਰਨ ਤੋਂ ਪਹਿਲਾਂ ਤੱਕ ਘਰ-ਪਿੰਡ ਵਿੱਚ ਘੱਟੋ ਘੱਟ ਨਮਕ ਰੋਟੀ ਤਾਂ ਮਿਲ ਜਾਏਗੀ, ਸੋ ਤੁਰਦੇ ਜਾ ਰਹੇ ਹਨ ਪਿਓ-ਧੀ। ਸਿਸਟਮ ਉਨ੍ਹਾਂ ਨੂੰ ਕੋਰੋਨਾ ਨਾਲ ਮਰਨ ਨਹੀਂ ਦੇਵੇਗਾ। ਕੋਰੋਨਾ ਨਾਲ ਮਰਨਗੇ ਤਾਂ ਕਹਿਣਗੇ ਮਰਨ ਨੂੰ ਮਰ ਗਏ, ਦਸ ਹੋਰਾਂ ਨੂੰ ਇਨਫੈਕਟ ਕਰ ਗਏ। ਇਸ ਲਈ ਤੁਰ ਰਹੇ ਹਨ ਖੱਬੇ ਪਾਸੇ, ਲੈਫਟ ਰਾਈਟ ਦੀ ਬਹਿਸ ਦੀ ਪ੍ਰਵਾਹ ਕੀਤੇ ਬਗੈਰ। ਤੁਰਦੇ-ਤੁਰਦੇ ਪਿਤਾ ਵੀ ਥੱਕ ਕੇ ਬੈਠ ਗਏ ਜ਼ਮੀਨ 'ਤੇ।

ਆਕਾਸ਼ ਵੱਲ ਦੇਖ ਰਹੀ ਹੈ ਸਿੰਡਰੇਲਾ। ਕਿੰਨੀਆਂ ਪਰੀਆਂ ਵਿਚਰ ਰਹੀਆਂ ਹਨ ਆਕਾਸ਼ ਵਿੱਚ। ਪਰੀਆਂ ਪੀ ਡੀ ਐੱਸ ਦੀਆਂ, ਨਰੇਗਾ ਦੀਆਂ, ਜਨ-ਧਨ ਦੀਆਂ, ਡੀ ਬੀ ਟੀ ਦੀਆਂ, ਨੀਤੀ ਆਯੋਗ ਦੀਆਂ, ਐੱਨ ਜੀ ਓ ਦੀਆਂ, ਯੂਨੀਸੇਫ ਦੀਆਂ। ਡਬਲਯੂ ਐੱਚ ਓ ਦੀਆਂ, ਲਿਬਰਲਾਈਜ਼ੇਸ਼ਨ ਦੀਆਂ, ਗਲੋਬਲਾਈਜ਼ੇਸ਼ਨ ਦੀਆਂ। ਬਹੁਤ ਸਾਰੀਆਂ ਪਰੀਆਂ, ਪਰ ਸਿੰਡਰੇਲਾ ਦੇ ਲਈ ਕੋਈ ਹੇਠਾਂ ਉਤਰ ਨਹੀਂ ਰਹੀ। ਉਤਰੇਗੀ ਵੀ ਤਾਂ ਸਿੰਡਰੇਲਾ ਤੱਕ ਪਹੁੰਚੇਗੀ? ਪਤਾ ਨਹੀਂ।




# ਪੁਲਸ ਉੱਤੇ ਹਮਲੇ ਦੀ ਹਮਾਇਤ ਤੇ ਧਾਰਮਿਕ ਨਫਰਤ ਭੜਕਾਉਣ ਵਾਲੇ ਤਿੰਨ ਗ੍ਰਿਫਤਾਰ



ਚੰਡੀਗੜ੍ਹ, 14 ਅਪ੍ਰੈਲ (ਪੋਸਟ ਬਿਊਰੋ)- ਨਿਹੰਗਾਂ ਦੇ ਇੱਕ ਗਰੁੱਪ ਵੱਲੋਂ ਪਟਿਆਲੇ ਵਿੱਚ ਪੁਲਸ ਮੁਲਾਜ਼ਮਾਂ ਉੱਤੇ ਕੀਤੇ ਗਏ ਹਮਲੇ ਦੇ ਮੱਦੇਨਜ਼ਰ ਪੁਲਸ ਨੇ ਸਖਤ ਕਾਰਵਾਈ ਕਰਦੇ ਹੋਏ ਕੱਲ੍ਹ ਸੋਸ਼ਲ ਮੀਡੀਆ 'ਤੇ ਨਫਰਤ ਭਰੇ ਸੰਦੇਸ਼ਾਂ ਨਾਲ ਭਾਵਨਾਵਾਂ ਭੜਕਾਉਣ ਵਾਲੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ।

ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੇ ਕਿਹਾ ਕਿ ਭੁਪਿੰਦਰ ਸਿੰਘ ਪੁੱਤਰ ਸਵਰਗੀ ਜੀਤ ਸਿੰਘ ਵਾਸੀ ਮਾਡਲ ਟਾਊਨ ਹੁਸ਼ਿਆਰਪੁਰ, ਦਵਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਸਿਵਲ ਲਾਈਨਜ ਬਟਾਲਾ ਅਤੇ ਕੁਲਜੀਤ ਸਿੰਘ ਭੁੱਲਰ ਪੁੱਤਰ ਸਵਰਨ ਸਿੰਘ ਵਾਸੀ ਮਲੋਟ ਨੂੰ ਸੋਸ਼ਲ ਮੀਡੀਆ 'ਤੇ ਨਫਰਤ ਭਰੇ ਸੰਦੇਸ਼ਾਂ ਨਾਲ ਫਿਰਕੂ ਅਸ਼ਾਂਤੀ ਭੜਕਾਉਂਦੇ ਹੋਏ ਪਾਏ ਜਾਣ ਉੱਤੇ ਇਨ੍ਹਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਪੁਲਸ ਜਾਂ ਸਮਾਜ ਦੇ ਕਿਸੇ ਹੋਰ ਵਰਗ ਦੇ ਵਿਰੁੱਧ ਨਫਰਤ ਭੜਕਾਉਣ ਤੇ ਹਿੰਸਾ ਫੈਲਾਉਣ ਵਾਲਿਆਂ ਦੇ ਵਿਰੁੱਧ ਸਖਤ ਕਾਰਵਾਈ ਦੀ ਚਿਤਾਵਨੀ ਦਿੰਦੇ ਹੋਏ ਡੀ ਜੀ ਪੀ ਨੇ ਕਿਹਾ ਕਿ ਕਿਸੇ ਨੂੰ ਵੀ ਕਿਸੇ ਕੀਮਤ 'ਤੇ ਸੂਬੇ ਵਿੱਚ ਨਫਰਤ ਫੈਲਾਉਣ ਜਾਂ ਕਾਨੂੰਨ ਵਿਵਸਥਾ ਨੂੰ ਭੰਗ ਕਰਨ ਦੀ ਆਗਿਆ ਨਹੀਂ ਦਿੱਤੀ ਜਾਏਗੀ। ਉਨ੍ਹਾਂ ਨੇ ਦੱਸਿਆ ਕਿ ਕੋਵਿਡ-19 ਦੇ ਫੈਲਣ ਦੇ ਕਾਰਨ ਪੈਦਾ ਹੋਈ ਸੰਕਟ ਦੀ ਸਥਿਤੀ ਵਿੱਚ ਸਮੁੱਚੀ ਪੁਲਸ ਦਿਨ-ਰਾਤ ਕਰਫਿਊ ਲਾਗੂ ਕਰਨ ਲਈ ਯਤਨਸ਼ੀਲ ਹੈ ਅਤੇ ਇਨ੍ਹਾਂ ਮੁਸ਼ਕਲ ਹਾਲਾਤਾਂ ਵਿੱਚ ਵੀ ਜ਼ਰੂਰਤਮੰਦਾਂ ਨੂੰ ਰਾਹਤ ਵੰਡ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਕਰਫਿਊ ਦੀਆਂ ਪਾਬੰਦੀਆਂ ਦੀ ਕਿਸੇ ਉਲੰਘਣਾ ਜਾਂ ਸੂਬੇ ਵਿੱਚ ਅਸ਼ਾਂਤੀ ਦਾ ਮਾਹੌਲ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ। ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਪੁਲਸ ਨੇ ਅੰਮ੍ਰਿਤਸਰ ਦੇ ਇੱਕ ਸੁਧੀਰ ਪੁਰੀ ਅਤੇ ਪਟਿਆਲਾ ਦੇ ਅਕਾਸ਼ਦੀਪ ਨੂੰ ਉਨ੍ਹਾਂ ਦੇ ਫਿਰਕੂ ਅਤੇ ਭੜਕਾਊ ਬਿਆਨਾਂ ਅਤੇ ਪੋਸਟਾਂ ਦੇ ਲਈ ਗ੍ਰਿਫਤਾਰ ਕੀਤਾ ਸੀ।

# ਕਰਫਿਊ ਦੌਰਾਨ ਸੈਰ ਲਈ ਨਿਕਲੇ 466 ਲੋਕ ਫੜੇ



ਚੰਡੀਗੜ੍ਹ, 14 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਕੋਰੋਨਾ ਦੇ ਕਾਰਨ ਕਰਫਿਊ ਲੱਗਾ ਹੋਇਆ ਹੈ। ਫਿਰ ਵੀ ਲੋਕ ਘਰਾਂ ਤੋਂ ਬਾਹਰ ਨਿਕਲਣ ਤੋਂ ਨਹੀਂ ਹਟਦੇ। ਅਜਿਹੇ ਲੋਕਾਂ 'ਤੇ ਪੁਲਸ ਨੇ ਸਖਤੀ ਸ਼ੁਰੂ ਕਰ ਦਿੱਤੀ ਹੈ।

ਕੱਲ੍ਹ ਪੁਲਸ ਨੇ ਸਵੇਰੇ ਸੈਰ ਲਈ ਨਿਕਲੇ 466 ਲੋਕਾਂ ਨੂੰ ਫੜਿਆ ਅਤੇ ਉਲੰਘਣਾ ਕਰਨ ਵਾਲੇ 182 ਹੋਰ ਲੋਕਾਂ ਨੂੰ ਗ੍ਰਿਫਤਾਰ ਕਰ ਕੇ ਪੰਜਾਹ ਦੇ ਕਰੀਬ ਲੋਕਾਂ ਵਿੱਚ ਕੇਸ ਦਰਜ ਕੀਤਾ ਹੈ। ਇਨ੍ਹਾਂ ਵਿੱਚ ਕੁਝ ਲੋਕ ਕੁੱਤਿਆਂ ਨੂੰ ਘੁਮਾਉਣ ਦੇ ਬਹਾਨੇ ਸੈਰ ਲਈ ਨਿਕਲੇ ਸਨ।

ਪੰਜਾਬ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਗੁਰਪਾਲ ਸਿੰਘ, ਉਨ੍ਹਾਂ ਦੀ ਸੱਸ ਅਤੇ ਧੀ ਦੇ ਕੋਰੋਨਾ ਪਾਜ਼ਿਟਿਵ ਆਉਣ ਦੇ ਬਾਅਦ ਸੈਕਟਰ 16 ਦੇ ਹੈਲਥ ਵਿਭਾਗ ਦੀ ਟੀਮ ਨੇ ਗੁਰਪਾਲ ਦੇ ਦੋਸਤ ਸੈਕਟਰ 37 ਬੀ ਨਿਵਾਸੀ ਵਿਅਕਤੀ ਦੇ ਘਰ ਕੰਮ ਕਰਨ ਵਾਲੀ ਨੂੰ ਵੀ ਹਸਪਤਾਲ ਦਾਖਲ ਕਰ ਲਿਆ ਹੈ। ਦੋਵਾਂ ਦੇ ਕੋਰੋਨਾ ਵਾਇਰਸ ਦੇ ਸੈਂਪਲ ਲੈ ਲਏ ਹਨ ਅਤੇ ਟੈਸਟ ਲਈ ਪੀ ਜੀ ਆਈ ਭੇਜੇ ਗਏ ਹਨ। ਗੁਰਪਾਲ ਦਾ ਸੈਕਟਰ 38 ਨਿਵਾਸੀ ਦੋਸਤ ਮਲੇਸ਼ੀਆ ਤੋਂ ਆਇਆ ਸੀ। ਉਸ ਦੇ ਟੈਸਟ ਦੀ ਰਿਪੋਰਟ ਨੈਗੇਟਿਵ ਆਈ ਹੈ। ਹਾਲੇ ਤੱਕ ਕਿਹਾ ਜਾ ਰਿਹਾ ਸੀ ਕਿ ਗੁਰਪਾਲ ਨੂੰ ਕੋਰੋਨਾ ਕਿੱਥੋਂ ਹੋਇਆ, ਇਸ ਦਾ ਪਤਾ ਨਹੀਂ। ਡਾਕਟਰਾਂ ਦੀ ਰਾਏ ਦੇ ਮੁਤਾਬਕ ਗੁਰਪਾਲ ਦੀ ਸੱਸ ਜੋ ਕੋਰੋਨਾ ਪਾਜ਼ੀਟਿਵ ਹੈ, ਹੋ ਸਕਦਾ ਹੈ ਉਸੇ ਤੋਂ ਗੁਰਪਾਲ ਅਤੇ ਉਸ ਦੀ ਧੀ ਨੂੰ ਕੋਰੋਨਾ ਹੋਇਆ ਹੈ।

# ਪਟਿਆਲੇ ਵਾਲੇ ਨਿਹੰਗਾਂ ਤੋਂ ਮਿਲੇ 39 ਲੱਖ ਨਕਦ ਦਾ ਕੇਸ ਈ ਡੀ ਕੋਲ ਜਾਵੇਗਾ





ਪਟਿਆਲਾ, 14 ਅਪ੍ਰੈਲ (ਪੋਸਟ ਬਿਊਰੋ)- ਏਥੋਂ ਦੀ ਸਬਜ਼ੀ ਮੰਡੀ ਵਿੱਚ ਪੁਲਸ ਪਾਰਟੀ 'ਤੇ ਹਮਲਾ ਕਰਨ ਵਾਲੇ ਨਿਹੰਗਾਂ ਨੂੰ ਗੁਰਦੁਆਰਾ ਖਿਚੜੀ ਸਾਹਿਬ ਤੋਂ ਗ੍ਰਿਫ਼ਤਾਰ ਕਰਨ ਮੌਕੇ ਬਰਾਮਦ ਹੋਈ 39 ਲੱਖ ਰੁਪਏ ਨਕਦੀ ਦੀ ਮਾਮਲਾ ਈ ਡੀ (ਐਨਫੋਰਸਮੈਂਟ ਡਾਇਰੈਕਟੋਰੇਟ) ਕੋਲ ਭੇਜਿਆ ਜਾਵੇਗਾ। ਇਸ ਬਾਰੇ ਪਟਿਆਲਾ ਪੁਲਸ ਈ ਡੀ ਨੂੰ ਛੇਤੀ ਪੱਤਰ ਭੇਜੇਗੀ। ਐਸ ਐਸ ਪੀ ਮਨਦੀਪ ਸਿੰਘ ਸਿੱਧੂ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਵਰਨਣ ਯੋਗ ਹੈ ਕਿ ਨਿਹੰਗਾਂ ਤੋਂ ਨਕਦੀ ਤੋਂ ਇਲਾਵਾ ਤਿੰਨ ਪਿਸਤੌਲ ਤੇ ਹੋਰ ਮਾਰੂ ਹਥਿਆਰ ਮਿਲੇ ਸਨ ਤੇ ਤਿੰਨ ਹਜ਼ਾਰ ਨਸ਼ੀਲੀਆਂ ਗੋਲੀਆਂ ਅਤੇ ਭੰਗ ਵੀ ਮਿਲੀ ਸੀ। ਇਸ ਬਾਰੇ ਥਾਣਾ ਪਸਿਆਣਾ ਵਿੱਚ ਵੱਖਰਾ ਕੇਸ ਦਰਜ ਹੋਇਆ ਹੈ। ਇਸ ਕੇਸ ਵਿੱਚ ਇੱਕ ਮਹਿਲਾ ਸਮੇਤ ਨੌਂ ਮੁਲਜ਼ਮਾਂ ਨੂੰ ਪੁਲਸ ਨੇ ਸਖ਼ਤ ਪਹਿਰੇ ਹੇਠ ਪਟਿਆਲਾ ਦੀ ਡਿਊਟੀ ਮੈਜਿਸਟ੍ਰੇਟ ਇੰਦੂ ਬਾਲਾ ਦੀ ਅਦਾਲਤ 'ਚ ਪੇਸ਼ ਕੀਤਾ। ਪੁਲਸ ਨੇ ਮੁਲਜ਼ਮਾਂ ਦੇ ਮਹਾਰਾਸ਼ਟਰ 'ਚ ਰਹਿੰਦੇ ਦੋ ਸਾਥੀਆਂ ਨੂੰ ਲਿਆਉਣ ਅਤੇ ਮੁਲਜ਼ਮਾਂ ਤੋਂ ਬਰਾਮਦ ਹਥਿਆਰਾਂ ਤੇ ਹੋਰ ਮੱਦਾਂ ਦੀ ਪੁੱਛ-ਪੜਤਾਲ ਲਈ 14 ਦਿਨਾਂ ਦੇ ਰਿਮਾਂਡ ਦੀ ਮੰਗ ਕੀਤੀ ਪਰ ਅਦਾਲਤ ਨੇ 11 ਦਿਨਾਂ ਦਾ ਪੁਲਸ ਰਿਮਾਂਡ ਦਿੱਤਾ ਹੈ। ਥਾਣਾ ਪਸਿਆਣਾ ਦੇ ਮੁਖੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਮੁਲਜ਼ਮ 24 ਅਪ੍ਰੈਲ ਨੂੰ ਮੁੜ ਅਦਾਲਤ 'ਚ ਪੇਸ਼ ਕੀਤੇ ਜਾਣਗੇ।

# ਵਾਢੀ ਕਰਨ ਲਈ ਬਿਹਾਰ ਗਏ ਪੰਜਾਬ ਦੇ ਕਰੀਬ 200 ਫੋਰਮੈਨ ਤੇ ਡਰਾਈਵਰ ਉਥੇ ਫਸੇ

ਚੰਡੀਗੜ੍ਹ, 14 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਕਰੀਬ ਦੋ ਸੌ ਫੋਰਮੈਨ ਅਤੇ ਡਰਾਈਵਰ ਬਿਹਾਰ ਵਿੱਚ ਕਸੂਤੇ ਫਸ ਗਏ ਹਨ। ਇਹ ਲਾਕਡਾਊਨ ਦੌਰਾਨ ਕਣਕ ਦਾ ਸੀਜ਼ਨ ਲਾਉਣ ਗਏ ਸਨ। ਬਿਹਾਰ ਸਰਕਾਰ ਨੇ ਸਰਦੇ-ਪੁੱਜਦੇ ਬਿਹਾਰੀ ਕਿਸਾਨਾਂ ਨੂੰ ਲਾਕਡਾਊਨ ਦੌਰਾਨ ਹੀ ਪ੍ਰਵਾਨਗੀ ਦੇ ਦਿੱਤੀ ਸੀ, ਜਿਸ ਕਾਰਨ ਇਹ ਫੋਰਮੈਨ ਅਤੇ ਡਰਾਈਵਰ ਪੰਜਾਬ 'ਚੋਂ ਚਲੇ ਗਏ ਸਨ। ਇਹ ਫੋਰਮੈਨ ਤੇ ਡਰਾਈਵਰ ਕਣਕ ਦੇ ਹਰ ਸੀਜ਼ਨ ਵਿੱਚ ਬਿਹਾਰ ਜਾਂਦੇ ਹਨ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਇਹ ਫੋਰਮੈਨ ਅਤੇ ਡਰਾਈਵਰ ਬਿਹਾਰ ਵਿੱਚ ਉਧਰਲੇ ਕਿਸਾਨਾਂ ਦੀਆਂ ਕੰਬਾਈਨਾਂ ਚਲਾਉਂਦੇ ਹਨ। ਇਸ ਵਾਰੀ ਤਿੰਨ ਅਪ੍ਰੈਲ ਨੂੰ ਇਹ ਪੰਜਾਬ ਦੇ ਪਟਿਆਲਾ, ਮੁਕਤਸਰ, ਲੁਧਿਆਣਾ, ਫਿਰੋਜ਼ਪੁਰ ਅਤੇ ਬਰਨਾਲਾ ਜ਼ਿਲਿਆਂ ਵਿੱਚੋਂ ਗਏ ਸਨ। ਇਨ੍ਹਾਂ ਸਾਰੇ ਪੰਜਾਬੀ ਨੌਜਵਾਨਾਂ ਨੂੰ ਜ਼ਿਲ੍ਹਾ ਰੋਹਤਾਸ ਦੇ ਇੱਕ ਪ੍ਰਾਈਵੇਟ ਸਕੂਲ ਦੇ ਕੈਂਪਸ ਵਿੱਚ ਰੱਖਿਆ ਹੋਇਆ ਹੈ। ਮੁਕਤਸਰ ਜ਼ਿਲ੍ਹੇ ਦੇ ਪਿੰਡ ਸਮਾਘ ਦੇ ਫੋਰਮੈਨ ਗੁਰਮੀਤ ਸਿੰਘ ਦਾ ਕਹਿਣਾ ਹੈ ਕਿ ਉਹ ਆਪਣੇ ਦੋ ਭਤੀਜਿਆਂ ਸਮੇਤ ਬਿਹਾਰ ਵਿੱਚ ਕਣਕ ਦਾ ਸੀਜ਼ਨ ਲਾਉਣ ਗਿਆ ਸੀ ਪ੍ਰੰਤੂ ਦੋ ਦਿਨਾਂ ਮਗਰੋਂ ਸਰਕਾਰ ਨੇ ਉਨ੍ਹਾਂ ਨੂੰ ਰੋਕ ਕੇ ਕੋਰੋਨਾ ਵਾਇਰਸ ਦੇ ਨਮੂਨੇ ਲੈ ਲਏ ਅਤੇ ਨਮੂਨਿਆਂ ਦਾ ਨਤੀਜਾ ਆਉਣ ਤੱਕ ਸਭ ਨੂੰ ਰੋਕ ਕੇ ਰੱਖਿਆ ਗਿਆ ਹੈ। ਫ਼ਿਰੋਜ਼ਪੁਰ ਦੇ ਪਿੰਡ ਧਰਮਪੁਰਾ ਦੇ ਜਰਨੈਲ ਸਿੰਘ ਨੇ ਦੱਸਿਆ ਕਿ ਉਹ ਬਿਹਾਰੀ ਕਿਸਾਨਾਂ ਦੇ ਝਾਂਸੇ ਵਿੱਚ ਆ ਗਏ, ਜੋ ਉਨ੍ਹਾਂ ਕੋਲ ਪ੍ਰਵਾਨਗੀ ਵਾਲੇ ਪੱਤਰ ਲੈ ਕੇ ਉਨ੍ਹਾਂ ਨੂੰ ਲੈਣ ਆਏ ਸਨ। ਇਨ੍ਹਾਂ ਪੱਤਰਾਂ ਦੇ ਆਧਾਰ ਉਤੇ ਹਰਿਆਣਾ ਸਰਕਾਰ ਨੇ ਵੀ ਨਹੀਂ ਰੋਕਿਆ। ਉਹ ਜਦੋਂ ਕਣਕ ਦੀ ਵਾਢੀ ਕਰਨ ਲੱਗੇ ਤਾਂ ਉਨ੍ਹਾਂ ਨੂੰ ਬਿਹਾਰ ਸਰਕਾਰ ਨੇ ਰੋਕ ਦਿੱਤਾ। ਪਿੰਡ ਮੱਲਾਂਵਾਲਾ ਕੇ ਰਛਪਾਲ ਸਿੰਘ ਨੇ ਦੱਸਿਆ ਕਿ ਕਣਕ ਦੇ ਪੂਰੇ ਸੀਜ਼ਨ ਦਾ 87 ਹਜ਼ਾਰ ਰੁਪਏ ਵਿੱਚ ਫੋਰਮੈਨ ਦਾ ਅਤੇ 16 ਹਜ਼ਾਰ ਰੁਪਏ ਵਿੱਚ ਕੰਬਾਈਨ ਡਰਾਈਵਰ ਦਾ ਠੇਕਾ ਹੋਇਆ ਸੀ ਅਤੇ ਇਸ ਤੋਂ ਇਲਾਵਾ 10 ਫੀਸਦੀ ਪ੍ਰਤੀ ਏਕੜ ਪਿੱਛੇ ਇਨਸੈਂਟਿਵ ਮਿਲਣਾ ਸੀ, ਪਰ ਉਹ ਪੰਜਾਬ ਵਿੱਚ ਮਿਲਣ ਵਾਲੇ ਕੰਮ ਤੋਂ ਵੀ ਰਹਿ ਗਏ ਹਨ।

ਪੰਜਾਬ ਦੇ ਖੇਤੀਬਾੜੀ ਵਿਭਾਗ ਦੇ ਸਕੱਤਰ ਕਾਹਨ ਸਿੰਘ ਪੰਨੂ ਨੇ ਦੱਸਿਆ ਹੈ ਕਿ ਉਹ ਬਿਹਾਰ ਵਿੱਚ ਫਸੇ ਇਨ੍ਹਾਂ ਫੋਰਮੈਨਾਂ ਤੇ ਡਰਾਈਵਰਾਂ ਦਾ ਕੇਸ ਬਿਹਾਰ ਸਰਕਾਰ ਕੋਲ ਚੁੱਕ ਰਹੇ ਹਨ ਤਾਂ ਜੋ ਇਨ੍ਹਾਂ ਦੀ ਵਾਪਸੀ ਦਾ ਪ੍ਰਬੰਧ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਦੂਜੇ ਰਾਜਾਂ ਵਿੱਚ ਫਸੇ ਲੋਕਾਂ ਦੀ ਮਦਦ ਖਾਤਰ ਬਕਾਇਦਾ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਹੋਇਆ ਹੈ। ਫੋਰਮੈਨਾਂ ਦਾ ਮਾਮਲਾ ਪਹਿਲਾਂ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਸੀ।

# ਸਰਕਾਰੀ ਰਾਸ਼ਨ ਦੀਆਂ ਜਾਅਲੀ ਲਿਸਟਾਂ ਬਣਾਉਣ ਵਾਲੇ ਫੜੇ ਗਏ

## * ਐਸ ਐਸ ਪੀ ਨੇ ਫਤਿਹਾਬਾਦ ਪਹੁੰਚ ਕੇ ਕਾਰਵਾਈ ਕੀਤੀ



ਗੋਇੰਦਵਾਲ ਸਾਹਿਬ, 14 ਅਪ੍ਰੈਲ (ਪੋਸਟ ਬਿਊਰੋ)- ਸਰਕਾਰੀ ਰਾਸ਼ਨ ਦੀਆਂ ਕਿੱਟਾਂ 'ਚ ਧਾਂਦਲੀ ਨਾਲ ਜਾਅਲੀ ਲਿਸਟਾਂ ਬਣਾਉਣ ਵਾਲੇ ਦੋਸ਼ੀਆਂ ਨੂੰ ਪੁਲਸ ਨੇ ਕਾਬੂ ਕਰ ਲਿਆ ਹੈ।

ਵਰਣਨ ਯੋਗ ਹੈ ਕਿ ਕੋਰੋਨਾ ਵਾਇਰਸ ਤੋਂ ਬਚਾਅ ਵਾਸਤੇ ਲਾਏ ਕਰਫਿਊ ਦੌਰਾਨ ਪੰਜਾਬ ਸਰਕਾਰ ਵੱਲੋਂ ਲੋੜਵੰਦ ਲੋਕਾਂ ਲਈ ਭੇਜੀਆਂ ਰਾਸ਼ਨ ਸਮੱਗਰੀ ਦੀਆਂ ਕਿੱਟਾਂ ਦੀ ਵੰਡ ਲਈ ਲੋੜਵੰਦਾਂ ਦੇ ਜਾਅਲੀ ਦਸਖ਼ਤ ਨਾਲ ਜਾਅਲੀ ਲਿਸਟਾਂ ਬਣਾਉਣ ਦੇ ਦੋਸ਼ ਵਿੱਚ ਕਸਬਾ ਫਤਿਹਾਬਾਦ ਤੋਂ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੇ ਕਰੀਬੀ ਜਾਣੇ ਜਾਂਦੇ ਕਾਂਗਰਸੀ ਆਗੂਆਂ ਦੀ ਸ਼ਮੂਲੀਅਤ ਬਾਰੇ ਖਬਰਾਂ ਛਪੀਆਂ ਸਨ। ਇਸ ਕੇਸ ਵਿੱਚ ਫਤਿਆਬਾਦ ਦੇ ਕਾਂਗਰਸੀ ਸਰਪੰਚ ਦੀਪਕ ਕੁਮਾਰ ਦਾਰਾ ਚੋਪੜਾ ਨੇ ਫਤਿਹਾਬਾਦ ਦੇ ਕਾਂਗਰਸੀ ਆਗੂ ਰਾਕੇਸ਼ ਕੁਮਾਰ ਜੰਗਲੀ ਮਹਾਸ਼ਾ, ਕੁਲਜੀਤ ਸਿੰਘ ਬਿੰਦ, ਕੁਲਦੀਪ ਸਿੰਘ ਸੋਨੂੰ ਦੇ ਨਾਂ ਸ਼ਾਮਲ ਹੋਣ ਦਾ ਖੁਲਾਸਾ ਕੀਤਾ ਸੀ। ਇਸ ਪਿੱਛੋਂ ਜ਼ਿਲ੍ਹਾ ਪੁਲਸ ਮੁਖੀ ਧਰੁਵ ਦਹੀਆ ਨੇ ਖ਼ੁਦ ਕਸਬਾ ਫਤਿਹਾਬਾਦ ਪਹੁੰਚ ਕੇ ਕਰਵਾਈ ਕੀਤੀ ਅਤੇ ਡੀ ਐਸ ਪੀ ਰਵਿੰਦਰਪਾਲ ਸਿੰਘ ਢਿੱਲੋਂ ਅਤੇ ਥਾਣਾ ਮੁਖੀ ਹਰਿੰਦਰ ਸਿੰਘ ਨੂੰ ਹੁਕਮ ਦੇ ਕੇ ਉਕਤ ਕਾਂਗਰਸੀ ਆਗੂਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਹੈ। ਕਸਬੇ ਦੇ ਲੋੜਵੰਦ ਪਰਵਾਰਾਂ ਨੇ ਥਾਣਾ ਗੋਇੰਦਵਾਲ ਸਾਹਿਬ ਵਿੱਚ ਇਸ ਕੇਸ 'ਚ ਹਲਕੇ ਦੀ ਪੈਰਵੀ ਕਰਨ ਵਾਲੇ ਇੱਕ ਵੱਡੇ ਕਾਂਗਰਸੀ ਆਗੂ ਸਿਕੰਦਰ ਸਿੰਘ ਵਰਾਣਾ ਦੇ ਸ਼ਾਮਲ ਹੋਣ ਦਾ ਦੋਸ਼ ਲਾਇਆ ਤੇ ਪੰਜਾਬ ਸਰਕਾਰ ਕੋਲੋਂ ਇਨ੍ਹਾਂ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ। ਇਸ ਮੌਕੇ ਦੋਸ਼ੀਆਂ ਦੀ ਹਮਾਇਤ ਲਈ ਥਾਣੇ ਪਹੁੰਚੇ ਕਾਂਗਰਸੀ ਆਗੂ ਸਿਕੰਦਰ ਸਿੰਘ ਵਰਾਣਾ ਨੇ ਕੇਸ ਨੂੰ ਪਿੰਡ ਪੱਧਰ ਦੀ ਧੜੇਬੰਦੀ ਕਹਿੰਦੇ ਹੋਏ ਖ਼ੁਦ ਨੂੰ ਬੇਕਸੂਰ ਦੱਸਿਆ ਹੈ।

ਥਾਣਾ ਗੋਇੰਦਵਾਲ ਸਾਹਿਬ ਪੁੱਜੇ ਐਸ ਐਸ ਪੀ ਧਰੁਵ ਦਹੀਆ ਅੱਗੇ ਦੀਪਕ ਕੁਮਾਰ ਦਾਰਾ ਚੋਪੜਾ ਨੇ ਇਸ ਕੇਸ ਬਾਰੇ ਉਕਤ ਆਗੂਆਂ ਵੱਲੋਂ ਬਣਾਈਆਂ ਜਾਅਲੀ ਦਸਤਖ਼ਤਾਂ ਵਾਲੀਆਂ ਲਿਸਟਾਂ ਸਬੂਤ ਵਜੋਂ ਪੇਸ਼ ਕੀਤੀਆਂ ਤਾਂ ਐਸ ਐਸ ਪੀ ਨੇ ਡੀ ਐਸ ਪੀ ਰਵਿੰਦਰਪਾਲ ਸਿੰਘ ਢਿੱਲੋਂ ਨੂੰ ਉਕਤ ਮੁਲਜ਼ਮਾ ਖ਼ਿਲਾਫ਼ ਕਾਰਵਾਈ ਦੇ ਹੁਕਮ ਦਿੱਤੇ।

# ਰਾਸ਼ਨ ਨਾ ਦੇਣ ਕਾਰਨ ਸਰਪੰਚ ਅਤੇ ਇੱਕ ਪਰਵਾਰ ਵਿਚ ਲੜਾਈ

ਜਲੰਧਰ, 14 ਅਪ੍ਰੈਲ (ਪੋਸਟ ਬਿਊਰੋ)- ਥਾਣਾ ਮਕਸੂਦਾਂ ਦੇ ਪਿੰਡ ਨੰਦਨਪੁਰ ਵਿਖੇ ਕੱਲ੍ਹ ਰਾਤ ਰਾਸ਼ਨ ਲੈਣ ਤੋਂ ਇਸ ਪਿੰਡ ਦੇ ਸਰਪੰਚ ਅਤੇ ਪਿੰਡ ਦੇ ਵਸਨੀਕ ਇੱਕ ਪਰਵਾਰ ਦੀ ਲੜਾਈ ਹੋਣ ਦੀ ਸੂਚਨਾ ਮਿਲੀ ਹੈ।

ਪੀੜਤ ਮਨਜੀਤ ਨੇ ਦੱਸਿਆ ਕਿ ਜਦੋਂ ਉਸ ਨੂੰ ਪਤਾ ਲੱਗਾ ਕਿ ਉਸ ਦੇ ਪਿੰਡ ਦਾ ਸਰਪੰਚ ਸਾਈਮਨ ਰਾਸ਼ਨ ਵੰਡ ਰਿਹਾ ਹੈ ਤੇ ਉਨ੍ਹਾਂ ਨੇ ਸਰਪੰਚ ਨੂੰ ਕਿਹਾ ਕਿ ਸਾਡਾ ਪਰਵਾਰ 10 ਮੈਂਬਰਾਂ ਦਾ ਹੈ, ਇਸ ਲਈ ਖਾਣ ਲਈ ਘੱਟ ਰਾਸ਼ਨ ਹੈ, ਜੇ ਤੁਸੀਂ ਸਾਨੂੰ ਰਾਸ਼ਨ ਦਿਓ ਤਾਂ ਸਾਡੇ 15-20 ਦਿਨ ਵਧੀਆ ਨਿਕਲ ਜਾਣਗੇ, ਪਰ ਸਰਪੰਚ ਨੇ ਉਨ੍ਹਾਂ ਨੂੰ ਰਾਸ਼ਨ ਨਹੀਂ ਦਿੱਤਾ। ਸਰਪੰਚ ਨੇ ਕਿਹਾ ਕਿ ਤੁਸੀਂ ਕਿਹੜਾ ਮੈਨੂੰ ਵੋਟ ਦਿੱਤੀ ਹੈ, ਜੋ ਮੇਰੇ ਤੋਂ ਰਾਸ਼ਨ ਮੰਗਦੇ ਹੋ, ਜਾਓ ਮੈਂ ਰਾਸ਼ਨ ਨਹੀਂ ਦੇਵਾਂਗਾ। ਜਦੋਂ ਮਨਜੀਤ ਨੇ ਉਨ੍ਹਾਂ ਨੂੰ ਕਿਹਾ ਕਿ ਰਾਸ਼ਨ ਲੋੜਵੰਦ ਲੋਕਾਂ ਲਈ ਹੈ, ਤੁਸੀਂ ਗਲਤ ਕਰ ਰਹੇ ਹੋ ਤਾਂ ਸਰਪੰਚ ਨੇ ਫੋਨ ਕੱਟਣ ਤੋਂ ਬਾਅਦ ਉਨ੍ਹਾ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ 10-15 ਜਣਿਆਂ ਨੂੰ ਉਨ੍ਹਾਂ ਦੇ ਘਰ ਲੈ ਜਾ ਕੇ ਲੜਾਈ ਕੀਤੀ। ਇਸ ਦੀ ਘਟਨਾ ਥਾਣਾ ਮਕਸੂਦਾਂ ਦੀ ਪੁਲਸ ਨੂੰ ਦਿੱਤੀ ਸੂਚਨਾ ਉੱਤੇ ਐਸ ਆਈ ਨਰੇਸ਼ ਪਾਲ ਮੌਕੇ 'ਤੇ ਪਹੁੰਚੇ ਅਤੇ ਕਾਰਵਾਈ ਸ਼ੁਰੂ ਕੀਤੀ। ਏ ਐੱਸ ਆਈ ਨਰੇਸ਼ ਪਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਰਾਸ਼ਨ ਨਾ ਦੇਣ ਕਾਰਨ ਸਰਪੰਚ ਅਤੇ ਇੱਕ ਪਰਵਾਰ ਦਾ ਝਗੜਾ ਹੋਇਆ ਹੈ। ਉਨ੍ਹਾਂ ਕਿਹਾ ਕਿ ਝਗੜੇ ਦੇ ਸੰਬੰਧ ਵਿੱਚ ਮਨਜੀਤ ਨੇ ਉਨ੍ਹਾਂ ਨੂੰ ਸਰਪੰਚ ਦੇ ਖਿਲਾਫ ਲਿਖਤੀ ਦਰਖਾਸਤ ਦਿੱਤੀ ਹੈ।

# ਮਾਲ ਵਾਹਕ ਵਿੱਚ ਬੈਠੇ ਯਾਤਰੀ ਦੀ ਮੌਤ ਹੋਣ ਉੱਤੇ ਬੀਮਾ ਕੰਪਨੀ ਜ਼ਿੰਮੇਵਾਰ ਨਹੀਂ: ਹਾਈ ਕੋਰਟ

ਚੰਡੀਗੜ੍ਹ, 14 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੇ ਮਾਲ ਵਾਹਕ ਵਾਹਨ ਵਿੱਚ ਯਾਤਰੀ ਸਫਰ ਕਰਦਾ ਹੈ ਤਾਂ ਹਾਦਸੇ ਦੀ ਸਥਿਤੀ ਵਿੱਚ ਬੀਮਾ ਕੰਪਨੀ ਮੁਆਵਜ਼ਾ ਦੇਣ ਦੀ ਜ਼ਿੰਮੇਵਾਰ ਨਹੀਂ ਹੋਵੇਗੀ। ਕੋਰਟ ਨੇ ਮ੍ਰਿਤਕ ਦੇ ਵਾਰਸਾਂ ਨੂੰ ਮੁਆਵਜ਼ੇ ਦਾ ਹੱਕਦਾਰ ਮੰਨਿਆ ਤੇ ਵਾਹਨ ਮਾਲਕ ਨੂੰ ਜ਼ਿੰਮੇਵਾਰ ਦੱਸ ਕੇ ਉਕਤ ਰਾਸ਼ੀ ਦਾ ਭੁਗਤਾਨ ਕਰਨ ਦੇ ਹੁਕਮ ਦਿੱਤੇ ਹਨ।

ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਨੇ ਟਰੱਕ ਨਾਲ ਹੋਏ ਹਾਦਸੇ ਵਿੱਚ ਟਰੱਕ ਦਾ ਬੀਮਾ ਕਰਨ ਵਾਲੀ ਕੰਪਨੀ ਨੂੰ ਮੁਆਵਜ਼ੇ ਲਈ ਜ਼ਿੰਮੇਵਾਰ ਮੰਨ ਕੇ ਭੁਗਤਾਨ ਦੇ ਲਈ ਹੁਕਮ ਦਿੱਤੇ ਸਨ। ਬੀਮਾ ਕੰਪਨੀ ਨੇ ਇਸ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਉਸ ਦਾ ਕਹਿਣਾ ਸੀ, ਕਿ ਟਰੱਕ ਦਾ ਬੀਮਾ ਉਸ ਨੇ ਕੀਤਾ ਸੀ, ਪਰ ਹਾਦਸੇ ਵਿੱਚ ਮਰਿਆ ਵਿਅਕਤੀ ਮਾਲ ਵਾਹਕ ਵਿੱਚ ਅਣਧਿਕਾਰਤ ਯਾਤਰੀ ਸੀ। ਅਜਿਹੇ ਵਿੱਚ ਉਸ ਨੂੰ ਮੁਆਵਜ਼ੇ ਦੇ ਲਈ ਮਜ਼ਬੂਰ ਨਹੀਂ ਕਰਨਾ ਚਾਹੀਦਾ। ਬੀਮਾ ਕੰਪਨੀ ਨੇ ਦੱਸਿਆ ਕਿ ਟ੍ਰਿਬਿਊਨਲ ਦੇ ਹੁਕਮ 'ਤੇ ਉਸ ਨੇ ਕਲੇਮ ਦੀ ਰਾਸ਼ੀ ਦਾ ਭੁਗਤਾਨ ਵਾਰਸਾਂ ਨੂੰ ਕਰ ਦਿੱਤਾ ਹੈ ਅਤੇ ਇਸ ਰਾਸ਼ੀ ਨੂੰ ਵਾਹਨ ਮਾਲਕ ਤੋਂ ਰਿਕਵਰ ਕਰਨ ਦਾ ਉਨ੍ਹਾਂ ਨੂੰ ਅਧਿਕਾਰ ਦਿੱਤਾ ਜਾਏ। ਹਾਈ ਕੋਰਟ ਨੇ ਬੀਮਾ ਕੰਪਨੀ ਦੀ ਦਲੀਲ ਨੂੰ ਸਹੀ ਮੰਨਦੇ ਹੋਏ ਸਪੱਸ਼ਟ ਕੀਤਾ ਕਿ ਭਾਰ ਵਾਹਕ ਵਾਹਨ ਵਿੱਚ ਜੇ ਕੋਈ ਅਣਅਧਿਕਾਰਤ ਯਾਤਰੀ ਹੈ ਤਾਂ ਉਸ ਦੀ ਮੌਤ ਲਈ ਬੀਮਾ ਕੰਪਨੀ ਜ਼ਿੰਮੇਵਾਰ ਨਹੀਂ ਹੈ।

# ਕੋਰੋਨਾ ਪੀੜਤਾ ਮ੍ਰਿਤਕਾ ਦੇ ਸਸਕਾਰ ਅਤੇ ਉਸ ਦੀ ਧੀ ਦੇ ਵਿਆਹ 'ਚ ਸ਼ਾਮਲ ਲੋਕ ਮੁਸ਼ਕਲ ਵਿੱਚ

ਮੱਲ੍ਹੀਆਂ ਕਲਾਂ, 14 ਅਪ੍ਰੈਲ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਮਹਾਮਾਰੀ ਵੱਲੋਂ ਵਿਧਾਨ ਸਭਾ ਹਲਕਾ ਸ਼ਾਹਕੋਟ ਅਤੇ ਸਦਰ ਥਾਣਾ ਨਕੋਦਰ ਦੇ ਪਿੰਡ ਕੋਟਲਾ ਹੇਰਾਂ 'ਚ ਦਸਤਕ ਦੇਣ ਨਾਲ ਸਿਹਤ ਵਿਭਾਗ ਅਤੇ ਪੁਲਸ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਪਿੰਡ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਹੈ। ਇਸੇ ਪਿੰਡ ਦੀ ਕੁਲਜੀਤ ਕੌਰ (50) ਪਤਨੀ ਮਲਕੀਤ ਸਿੰਘ ਦੀ ਸਿਵਲ ਹਸਪਤਾਲ ਜਲੰਧਰ ਵਿਖੇ ਮੌਤ ਹੋ ਗਈ ਸੀ। ਐਤਵਾਰ ਸਿਵਲ ਹਸਪਤਾਲ ਨੇ ਮ੍ਰਿਤਕਾਂ ਦੀ ਕੋਰੋਨਾ ਦੀ ਰਿਪੋਰਟ ਪਾਜ਼ਿਟਿਵ ਹੋਣ ਦੀ ਪੁਸ਼ਟੀ ਕੀਤੀ, ਜਿਸ ਨਾਲ ਪਿੰਡ ਵਿੱਚ ਪੂਰੀ ਤਰ੍ਹਾਂ ਸਹਿਮ ਦਾ ਮਾਹੌਲ ਬਣ ਗਿਆ। ਸੂਚਨਾ ਅਨੁਸਾਰ ਪਿੰਡ ਦੀ ਆਬਾਦੀ 701 ਹੈ ਤੇ ਪਿੰਡ ਵਿੱਚ 165 ਘਰ ਹਨ, ਜਿਨ੍ਹਾਂ ਵਿੱਚੋਂ ਮ੍ਰਿਤਕਾ ਕੁਲਜੀਤ ਕੌਰ ਦੇ ਛੇ ਕਰੀਬੀਆਂ ਨੂੰ ਸਿਵਲ ਹਸਪਤਾਲ ਜਲੰਧਰ ਦੇ ਆਈਸੋਲੇਟ ਵਾਰਡ ਵਿੱਚ ਰੱਖਿਆ ਹੈ ਅਤੇ 12 ਪਰਵਾਰਕ ਮੈਂਬਰ ਪਹਿਲਾਂ ਹੀ ਸਿਵਲ ਹਸਪਤਾਲ ਵਿੱਚ ਆਈਸੋਲੇਟ ਵਾਰਡ ਵਿੱਚ ਹਨ। 39 ਨੂੰ ਚਾਰ ਦਿਨ ਲਈ ਘਰਾਂ ਵਿੱਚ ਇਕਾਂਤਵਾਸ ਰਹਿਣ ਦੇ ਹੁਕਮ ਕੀਤੇ ਗਏ ਹਨ। ਮ੍ਰਿਤਕਾ ਦੇ ਅੰਤਮ ਸਸਕਾਰ ਮੌਕੇ 66 ਅਤੇ ਉਸ ਦੀ ਧੀ ਦੇ ਵਿਆਹ ਉੱਤੇ 90 ਲੋਕ ਸ਼ਾਮਲ ਹੋਏ ਸਨ। ਸਿਹਤ ਵਿਭਾਗ ਦੀਆਂ ਸੱਤ ਟੀਮਾਂ ਨੇ ਸਰਵੇ ਕੀਤਾ ਅਤੇ ਪਿੰਡ ਦੇ ਇਕੱਲੇ-ਇਕੱਲੇ ਘਰ ਨੂੰ ਸੈਨੇਟਾਈਜ਼ ਕੀਤਾ ਹੈ।

jobs! jobs! jobs! jobs! jobs!

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

DUNDAS·JAFINE

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ।
ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

647-764-3637



## ਭਾਰਤ ਦਾ ਪਹਿਲਾ ਮਹਾਨ ਸਤਰੰਜ ਖਿਡਾਰੀ ਸੀ ਮੀਰ ਸੁਲਤਾਨ

ਨਵੀਂ ਦਿੱਲੀ, 14 ਅਪ੍ਰੈਲ (ਪੋਸਟ ਬਿਊਰੋ)- ਜੇ ਤੁਸੀਂ ਸੋਚਦੇ ਹੋ ਕਿ ਵਿਸ਼ਨਾਥਨ ਆਨੰਦ ਹੀ ਪਹਿਲੇ ਅਜਿਹੇ ਖਿਡਾਰੀ ਸੀ ਜਿਨ੍ਹਾਂ ਦਾ ਡੰਕਾ ਪੂਰੀ ਦੁਨੀਆ ਵਿੱਚ ਵਜਿਆ ਅਤੇ ਜਿਨ੍ਹਾਂ ਨੇ ਵਿਸ਼ਵ ਚੈਂਪੀਅਨ ਬਣਨ ਦਾ ਦਮਖਮ ਦਿਖਾਇਆ ਤਾਂ ਤੁਸੀਂ ਗਲਤ ਹੋ। ਇਤਿਹਾਸ ਵਿੱਚ ਦਰਜ ਇੱਕ ਅਜਿਹਾ ਨਾ ਹੈ, ਜਿਸਨੇ ਉਸ ਦੌਰ ਦੇ ਵਿਸ਼ਵ ਚੈਂਪੀਅਨ ਨੂੰ ਪਿਛੇ ਛੱਡ ਕੇ ਆਪਣਾ ਦਬਦਬਾ ਬਣਾਇਆ ਸੀ, ਉਨ੍ਹਾਂ ਦਾ ਨਾਮ ਸੀ ਮੀਰ ਸੁਲਤਾਨ ਖ਼ਾਨ।

1905 ਵਿੱਚ ਸਾਂਝੇ ਪੰਜਾਬ ਵਿੱਚ ਜੰਮੇ ਸੁਲਤਾਨ ਖ਼ਾਨ ਜਿਨ੍ਹਾਂ ਨੇ 1929 ਤੋਂ 1933 ਦੇ ਦੌਰਾਨ ਪੂਰੀ ਦੁਨੀਆ ਨੂੰ ਆਪਣੀ ਖੇਡ ਨਾਲ ਅਚੰਭੇ ਵਿੱਚ ਪਾ ਦਿੱਤਾ ਸੀ। ਉਮਰ ਹਯਾਤ, ਜੋ ਇੱਕ ਸਮੇਂ ਨਾ ਸਿਰਫ਼ ਅੰਗ੍ਰੇਜ਼ੀ ਹੁਕੂਮਤ ਵਿੱਚ ਮੇਜਰ ਸੀ, ਸਗੋਂ ਪੰਜਾਬ ਦੇ ਇੱਕ ਵੱਡੇ ਹਿੱਸੇ ਦਾ ਜਮੀਂਦਾਰ ਵੀ ਸੀ, ਦੇ ਕੋਲ ਮੀਰ ਸੁਲਤਾਨ ਖ਼ਾਨ ਇੱਕ ਨੌਕਰ ਵਜੋਂ ਕੰਮ ਕਰਦੇ ਸਨ ਅਤੇ ਉਨ੍ਹਾਂ ਦੇ ਨਾਲ ਉਨ੍ਹਾਂ ਨੂੰ ਇੰਗਲੈਂਡ ਜਾਣ ਦਾ ਮੌਕਾ ਮਿਲਿਆ ਸੀ। ਮੀਰ ਸੁਲਤਾਨ ਖ਼ਾਨ ਦਾ ਸਤਰੰਜ ਜੀਵਨ ਸਿਰਫ਼ ਪੰਜ ਸਾਲ ਰਿਹਾ। 1929, 1932 ਅਤੇ 1933 ਵਿੱਚ ਉਨ੍ਹਾਂ ਨੇ ਓਦੋਂ ਵਿਸ਼ਵ ਚੈਂਪੀਅਨਸ਼ਿਪ ਮੰਨੀ ਜਾਂਦੀ ਬ੍ਰਿਟਿਸ਼ ਚੈਂਪੀਅਨਸ਼ਿਪ ਦਾ ਖਿਤਾਬ ਜਿੱਤਿਆ ਸੀ। ਓਦੋਂ ਉਨ੍ਹਾਂ ਨੂੰ ਵਿਸ਼ਵ ਦੇ ਬੇਹਤਰ 10 ਖਿਡਾਰੀਆਂ ਵਿੱਚ ਮੰਨਿਆ ਜਾਂਦਾ ਸੀ। 1928 ਵਿੱਚ ਮੀਰ ਸੁਲਤਾਨ ਖ਼ਾਨ ਭਾਰਤ ਦੇ ਕੌਮੀ ਚੈਂਪੀਅਨ ਵੀ ਬਣੇ ਜਦੋਂ ਉਨ੍ਹਾਂ ਨੇ ਨੌਂ ਰਾਊਂਡ ਦੀ ਰਾਸ਼ਟਰੀ ਚੈਂਪੀਅਨਸ਼ਿਪ ਵਿੱਚ ਜੇਤੂ ਰਹਿੰਦੇ ਹੋਏ ਅੱਠ ਜਿੱਤਾਂ ਅਤੇ ਇੱਕ ਡਰਾਅ ਨਾਲ 8.5 ਪੁਆਇੰਟ ਬਣਾ ਕੇ ਖਿਤਾਬ ਆਪਣੇ ਨਾਮ ਕੀਤਾ। ਭਾਰਤ ਤੋਂ ਸਤਰੰਜ ਉਲੰਪੀਆਡ ਖੇਡਣ ਵਾਲੇ ਉਹ ਪਹਿਲੇ ਖਿਡਾਰੀ ਬਣੇ ਤੇ ਇੰਗਲੈਂਡ ਵੱਲੋਂ ਉਨ੍ਹਾਂ ਨੇ ਤਿੰਨ ਸਤਰੰਜ ਉਲੰਪੀਆਡ ਵਿੱਚ ਹਿੱਸਾ ਲਿਆ। ਓਦੋਂ ਉਨ੍ਹਾਂ ਨੇ ਵਿਸ਼ਵ ਚੈਂਪੀਅਨ ਕਿਊਬਾ ਦੇ ਜੋਸ ਰਾਊਲ ਕਾਪਾਬਲਾਂਕਾ ਨੂੰ ਹਰਾਇਆ ਅਤੇ ਰੂਸ ਦੇ ਅਲੈਕਜੈਂਡਰ ਅਲਖਾਇਨ ਨਾਲ ਡਰਾਅ ਖੇਡਿਆ। ਸਾਲ 1933 ਵਿੱਚ ਉਨ੍ਹਾਂ ਦਾ ਸਤਰੰਜ ਜੀਵਨ ਅਚਾਨਕ ਖ਼ਤਮ ਹੋ ਗਿਆ ਜਦੋਂ ਉਹ ਆਪਣੇ ਮਾਲਿਕ ਦੇ ਨਾਲ ਭਾਰਤ ਵਾਪਸ ਆਏ।

# ਜਮੀਅਤ ਦੀ ਅਰਜ਼ੀ ਉਤੇ ਸੁਪਰੀਮ ਕੋਰਟ ਨੇ ਪ੍ਰੈਸ ਉਤੇ ਪਾਬੰਦੀ ਨਹੀਂ ਲਾਈ



ਨਵੀਂ ਦਿੱਲੀ, 14 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਫੈਲਣ ਨੂੰ ਤਬਲੀਗੀ ਜਮਾਤ ਦੀ ਘਟਨਾ ਨਾਲ ਜੋੜ ਕੇ ਫਿਰਕੂਪੁਣਾ ਫੈਲਾਉਣ ਤੋਂ ਮੀਡੀਆ ਦੇ ਇੱਕ ਵਰਗ ਨੂੰ ਰੋਕਣ ਦੇ ਲਈ ਮੁਸਲਿਮ ਸੰਗਠਨ ਜਮੀਅਤ ਉਲੇਮਾ ਏ ਹਿੰਦ ਦੀ ਅਰਜ਼ੀ ਸੁਪਰੀਮ ਕੋਰਟ ਨੇ ਕੱਲ੍ਹ ਰੱਦ ਕਰ ਦਿੱਤੀ ਅਤੇ ਕੋਈ ਵੀ ਅੰਤ੍ਰਿਮ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਨੇ ਕਿਹਾ, ਉਹ ਪ੍ਰੈੱਸ 'ਤੇ ਪਾਬੰਦੀ ਨਹੀਂ ਲਾਉਣਗੇ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਜਮੀਅਤ ਦੀ ਅਰਜ਼ੀ 'ਤੇ ਵੀਡੀਓ ਕਾਨਫਰੰਸਿੰਗ ਨਾਲ ਸੁਣਵਾਈ ਕਰਦੇ ਹੋਏ ਕਿਹਾ ਕਿ ਇਸ ਕੇਸ ਵਿੱਚ ਭਾਰਤੀ ਪ੍ਰੈੱਸ ਕੌਂਸਲ ਨੂੰ ਧਿਰ ਬਣਾਉਣ। ਕੋਰਟ ਨੇ ਕਿਹਾ ਕਿ ਉਹ ਇਸ ਸਮੇਂ ਅਰਜ਼ੀ ਉੱਤੇ ਕੋਈ ਅੰਤ੍ਰਿਮ ਹੁਕਮ ਨਹੀਂ ਦੇਣਗੇ ਅਤੇ ਕੇਸ ਦੀ ਸੁਣਵਾਈ ਦੋ ਹਫਤੇ ਬਾਅਦ ਲਈ ਸੂਚੀਬੱਧ ਕਰ ਦਿੱਤੀ। ਅਰਜ਼ੀ ਵਿੱਚ ਦੋਸ਼ ਲਾਇਆ ਗਿਆ ਹੈ ਕਿ ਮੀਡੀਆ ਦਾ ਇੱਕ ਵਰਗ ਦਿੱਲੀ ਵਿੱਚ ਪਿਛਲੇ ਮਹੀਨੇ ਹੋਏ ਤਬਲੀਗੀ ਜਮਾਤ ਦੇ ਇੱਕ ਪ੍ਰੋਗਰਾਮ ਨੂੰ ਲੈ ਕੇ ਫਿਰਕੂਪੁਣਾ ਫੈਲਾ ਰਿਹਾ ਹੈ। ਜਮੀਅਤ ਉਲੇਮਾ ਏ ਹਿੰਦ ਨੇ ਅਰਜ਼ੀ ਵਿੱਚ ਖਬਰਾਂ ਨੂੰ ਰੋਕਣ ਅਤੇ ਇਸ ਦੇ ਜ਼ਿੰਮੇਵਾਰ ਵਿਅਕਤੀਆਂ ਦੇ ਖਿਲਾਫ ਸਖਤ ਕਾਰਵਾਈ ਕਰਨ ਦਾ ਹੁਕਮ ਕੇਂਦਰ ਨੂੰ ਦੇਣ ਦਾ ਅਪੀਲ ਕੀਤੀ ਸੀ।

ਵਰਨਣ ਯੋਗ ਹੈ ਕਿ ਪਿਛਲੇ ਮਹੀਨੇ ਤਬਲੀਗੀ ਜਮਾਤ ਦੇ ਪ੍ਰੋਗਰਾਮ ਵਿੱਚ ਕਰੀਬ ਨੌਂ ਹਜ਼ਾਰ ਲੋਕ ਸ਼ਾਮਲ ਹੋਏ ਸਨ ਅਤੇ ਇਹ ਪ੍ਰੋਗਰਾਮ ਭਾਰਤ ਵਿੱਚ ਕੋਵਿਡ-19 ਮਹਾਮਾਰੀ ਫੈਲਣ ਦਾ ਮੁੱਖ ਸਰੋਤ ਬਣ ਗਿਆ ਸੀ, ਕਿਉਂਕਿ ਇਸ ਵਿੱਚ ਹਿੱਸਾ ਲੈਣ ਵਾਲੇ ਜ਼ਿਆਦਾਤਰ ਵਿਅਕਤੀ ਆਪਣੇ ਧਾਰਮਿਕ ਕੰਮਾਂ ਦੇ ਸਿਲਸਿਲੇ ਵਿੱਚ ਦੇਸ਼ ਦੇ ਵੱਖ-ਵੱਖਿ ਹਿੱਸਿਆਂ ਵਿੱਚ ਗਏ ਜਿੱਥੋਂ ਉਹ ਹੋਰਨਾਂ ਲੋਕਾਂ ਦੇ ਸੰਪਰਕ ਵਿੱਚ ਆਏ।

## ਲੋਕਡਾਊਨ ਵਿੱਚ ਵੀ ਮੇਘਾਲਿਆ ਅਤੇ ਅਸਾਮ ਵਿੱਚ ਸ਼ਰਾਬ ਦੀਆਂ ਦੁਕਾਨਾਂ ਖੁਲ੍ਹੀਆਂ



ਗੁਵਾਹਾਟੀ, 14 ਅਪ੍ਰੈਲ (ਪੋਸਟ ਬਿਊਰੋ)- ਲੌਕਡਾਊਨ ਦੌਰਾਨ ਸ਼ਰਾਬ ਦੀ ਵਿਕਰੀ ਬਾਰੇ ਕਈ ਰਾਜਾਂ ਵਿੱਚ ਸਵਾਲ ਉਠ ਰਹੇ ਹਨ। ਹਰਿਆਣਾ ਵਿੱਚ ਲੋਕਡਾਊਨ ਦੇ ਅੰਦਰ ਵਿੱਚ ਸ਼ਰਾਬ ਦੀ ਵਿਕਰੀ ਜਾਰੀ ਰਹਿਣ ਦਾ ਕੇਸ ਹੋਵੇਂ ਜਾ ਕੇਰਲ ਵਿੱਚ ਖੁਦਕੁਸ਼ੀ ਦੇ ਵੱਧਦੇ ਕੇਸਾਂ ਕਾਰਨ ਲੋਕਾਂ ਨੂੰ ਸ਼ਰਾਬ ਦੇਣ ਦੀ ਡਾਕਟਰ ਦੀ ਸਲਾ ਦਾ, ਲੋਕਡਾਊਨ ਦੇ ਵਿੱਚ ਨੋਰਥ ਈਸਟ ਦੇ ਦੋ ਰਾਜ ਮੇਘਾਲਿਆ ਅਤੇ ਅਸਮ ਨੇ ਕੱਲ੍ਹ ਸ਼ਰਾਬ ਦੀ ਦੁਕਾਨਾਂ ਖੋਲ੍ਹਣ ਦਾ ਫੈਸਲਾ ਕੀਤਾ ਹੈ।

ਲੱਗਭਗ ਦੋ ਹਫ਼ਤੇ ਪਹਿਲਾ ਸ਼ਰਾਬ ਦੀ ਹੋਮ ਡਿਲੀਵਰੀ ਕਰਵਾਉਣ ਦਾ ਆਦੇਸ਼ ਵਾਪਸ ਲੈ ਕੇ ਮੇਘਾਲਿਆ ਰਾਜ ਦੀ ਸਰਕਾਰ ਨੇ ਸ਼ਰਾਬ ਦੇ ਠੇਕਿਆਂ ਅਤੇ ਥੋਕ ਗੋਦਾਮਾਂ ਨੂੰ 13 ਤੋਂ 17 ਅਪ੍ਰੈਲ ਤੱਕ ਸੱਤ ਘੰਟਿਆਂ ਲਈ ਸ਼ਰਾਬ ਵੇਚਣ ਦੀ ਆਗਿਆ ਦੇ ਦਿੱਤੀ ਹੈ। ਐਕਸਾਈਜ਼ ਕਮਿਸ਼ਨਰ ਵੱਲੋਂ ਜਾਰੀ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਸ਼ਰਾਬ ਵਿਕਰੇਤਾ ਇਹ ਯਕੀਨੀ ਕਰਨਗੇ ਕਿ ਗ੍ਰਾਹਕ ਸ਼ਰਾਬ ਖ਼ਰੀਦਣ ਵੇਲੇ ਸੋਸ਼ਲ ਡਿਸਟੈਂਸਿੰਗ ਦਾ ਪਾਲਣ ਕਰਨ, ਖੰਘਦੇ ਸਮੇਂ ਉਨ੍ਹਾਂ ਦੇ ਮੂੰਹ 'ਤੇ ਮਾਸਕ ਜਾ ਕੱਪੜਾ ਹੋਣਾ ਯਕੀਨੀ ਕਰਨ, ਪ੍ਰਸ਼ਾਸਨ ਪਰਵਾਰ ਦੇ ਇੱਕ ਮੈਂਬਰ ਨੂੰ ਹੀ ਸ਼ਰਾਬ ਖ਼ਰੀਦਣ ਦੀ ਆਗਿਆ ਦੇਵੇ ਅਤੇ ਇਹ ਧਿਆਨ ਰੱਖੇ ਕਿ ਉਹ ਮੈਂਬਰ ਸ਼ਰਾਬ ਲੈਣ ਲਈ ਇੱਕ ਤੋਂ ਦੂਸਰੀ ਜਗ੍ਹਾ ਨਾ ਜਾਵੇ, ਠੇਕੇ ਵਾਲੇ ਜ਼ਰੂਰਤ ਪੈਣ 'ਤੇ ਗ੍ਰਾਹਕ ਨੂੰ ਸ਼ਰਾਬ ਲੈਣ ਲਈ ਉਸ ਦੇ ਇਲਾਕੇ ਵਿੱਚ ਕੋਲ ਦੀ ਸ਼ਰਾਬ ਦੀ ਦੁਕਾਨ ਦੇ ਬਾਰੇ ਦੱਸਣ ਅਤੇ ਠੇਕਿਆਂ 'ਤੇ ਘੱਟੋ ਘੱਟ ਕਾਰਿੰਦਿਆਂ ਨਾਲ ਕੰਮ ਕਰਨ ਅਤੇ ਬੋਤਲ ਅਤੇ ਨਕਦੀ ਸੰਭਾਲਣ ਦੇ ਦੌਰਾਨ ਗ੍ਰਾਹਕਾਂ ਅਤੇ ਕਰਮਚਾਰੀਆਂ ਨੂੰ ਹੈਂਡ ਸੈਨਿਟਾਈਜ਼ਰ ਦੇਣਗੇ।




# ਦੂਤਾਵਾਸ ਦੇ ਸਟਾਫ ਨੂੰ ਲੌਕਡਾਊਨ ਦਾ ਪਾਲਣ ਕਰਨ ਦੇ ਨਿਰਦੇਸ਼

*** ਨਿਯਮ ਤੋੜ ਕੇ ਘੁੰਮਦੀ ਸੀ ਉਰੂਗਵੇ ਦੂਤਘਰ ਦੀ ਸਟਾਫਰ**



ਨਵੀਂ ਦਿੱਲੀ, 14 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕੂਟਨੀਤਕ ਖੇਤਰ ਤੇ ਦੂਤਾਵਾਸ ਦੇ ਸਟਾਫ ਨੂੰ ਲੌਕਡਾਊਨ ਦਾ ਪਾਲਣ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ ਹਨ। ਮੰਤਰਾਲੇ ਨੇ ਸਾਫ਼ ਕੀਤਾ ਹੈ ਕਿ ਲੌਕਡਾਊਨ ਦੇ ਨਿਯਮ ਸਾਰਿਆਂ 'ਤੇ ਲਾਗੂ ਹੁੰਦੇ ਹਨ ਅਤੇ ਇਸ ਦਾ ਪਾਲਣ ਵੀ ਸਾਰਿਆਂ ਨੂੰ ਕਰਨਾ ਚਾਹੀਦਾ ਹੈ ਅਤੇ ਇਹ ਵੀ ਕਿ ਕਿਸੇ ਹਾਲਤ ਵਿੱਚ ਵੀ ਬਿਨਾਂ ਮਾਸਕ ਪਹਿਨੇ ਬਾਹਰ ਨਹੀਂ ਨਿਕਲਿਆ ਜਾ ਸਕਦਾ।

ਵਿਦੇਸ਼ ਮੰਤਰਾਲੇ ਦਾ ਇਹ ਨਿਰਦੇਸ਼ ਉਸ ਘਟਨਾ ਦੇ ਬਾਅਦ ਆਇਆ ਜਿਸ ਵਿੱਚ ਉਰੂਗਵੇ ਦੂਤਾਵਾਸ ਦੀ ਇੱਕ ਮਹਿਲਾ ਕਰਮਚਾਰੀ ਵੇਲੈਂਟੀਨਾ ਬਿਨਾਂ ਮਾਸਕ ਦੇ ਬਾਹਰ ਨਿਕਲੀ ਸੀ ਅਤੇ ਪੁਲਸ ਦੇ ਟੋਕਣ 'ਤੇ ਬਹਿਸ ਕਰਨ ਲੱਗੀ ਸੀ। ਕੱਲ੍ਹ ਸ਼ਾਮ ਬਸੰਤ ਬਿਹਾਰ ਇਲਾਕੇ ਦੇ ਪੱਛਮੀ ਮਾਰਗ 'ਤੇ ਇਹ ਮਹਿਲਾ ਬਿਨਾਂ ਮਾਸਕ ਅਤੇ ਗਲਵਸ ਪਹਿਣਨ ਤੋਂ ਆਪਣੇ ਸਾਈਕਲ 'ਤੇ ਘੁਮਣ ਨਿਕਲੀ ਸੀ। ਗਸ਼ਤ ਦੌਰਾਨ ਪੁਲਸ ਨੇ ਮਹਿਲਾ ਨੂੰ ਰੋਕ ਕੇ ਪੁੱਛਗਿੱਛ ਕੀਤੀ ਤਾਂ ਮਹਿਲਾ ਨੇ ਬਹਿਸ ਸ਼ੁਰੂ ਕਰ ਦਿੱਤੀ ਸੀ, ਜਿਸ ਕਾਰਨ ਉਥੇ ਵੱਡੀ ਗਿਣਤੀ ਲੋਕ ਜਮ੍ਹਾ ਹੋ ਗਏ ਸੀ।

ਸਥਾਨਕ ਆਰ ਡਬਲਿਊ ਏ ਦੇ ਲੋਕਾਂ ਨੇ ਵਿਦੇਸ਼ੀ ਮਹਿਲਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਮੰਨਣ ਦੀ ਥਾਂ ਐਸ ਐਚ ਓ ਨਾਲ ਧਮਕਾਉਣ ਦੇ ਅੰਦਾਜ਼ ਵਿੱਚ ਗੱਲ ਕਰਨ ਲੱਗੀ। ਉਸ ਨੇ ਖੁਦ ਨੂੰ ਉਰੂਗਵੇ ਅੰਬੈਸੀ ਦੀ ਅਧਿਕਾਰੀ ਦੱਸਿਆ ਸੀ। ਇਸ ਮਾਮਲੇ ਵਿੱਚ ਕਿਸੇ ਤਰ੍ਹਾਂ ਦੀ ਕਾਰਵਾਈ ਨਹੀਂ ਕੀਤੀ ਗਈ, ਪਰ ਪੁਲਸ ਦੀ ਸ਼ਿਕਾਇਤ ਉੱਤੇ ਵਿਦੇਸ਼ ਮੰਤਰਾਲੇ ਨੇ ਨੋਟਿਸ ਲੈਂਦੇ ਹੋਏ ਸਖ਼ਤੀ ਦਿਖਾਈ ਅਤੇ ਦੂਤਾਵਾਸ ਸਟਾਫ ਨਿਯਮ ਪਾਲਣ ਦੇ ਨਿਰਦੇਸ਼ ਜਾਰੀ ਕੀਤੇ ਹਨ।

# ਸੈਨੇਟਾਈਜੇਸ਼ਨ ਟਨਲ 'ਤੇ ਸਵਾਲ ਉੱਠਣ ਮਗਰੋਂ ਰੋਕ ਲੱਗ ਗਈ

ਨਵੀਂ ਦਿੱਲੀ, 14 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਇਨਫੈਕਸ਼ਨ ਤੋਂ ਬਚਣ ਲਈ ਦੇਸ਼ ਵਿੱਚ ਕਈ ਥਾਵਾਂ 'ਤੇ ਸੈਨੇਟਾਈਜੇਸ਼ਨ ਯੂਨਿਟ ਲਾਏ ਜਾ ਰਹੇ ਹਨ। ਕਈ ਹਸਪਤਾਲਾਂ 'ਚ ਅਜਿਹੇ ਤਜਰਬੇ ਕੀਤੇ ਗਏ, ਤਾਂ ਜੋ ਮੁਲਾਜ਼ਮਾਂ ਤੇ ਹਸਪਤਾਲ ਪਹੁੰਚਣ ਵਾਲੇ ਲੋਕਾਂ ਨੂੰ ਸਪਰੇਅ ਬਾਥ ਰਾਹੀਂ ਸੈਨੇਟਾਈਜ਼ ਕੀਤਾ ਜਾ ਸਕੇ।



ਸੈਨੇਟਾਈਜੇਸ਼ਨ ਯੂਨਿਟ 'ਚ ਵਰਤੇ ਜਾਂਦੇ ਕੈਮੀਕਲ ਨਾਲ ਐਲਰਜੀ ਦੀ ਪਰੇਸ਼ਾਨੀ ਪਤਾ ਲੱਗ ਤੋਂ ਬਾਅਦ ਦਿੱਲੀ ਦੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਜ਼) ਨੇ ਆਪਣਾ ਸੈਨੇਟਾਈਜੇਸ਼ਨ ਯੂਨਿਟ ਹਾਲੇ ਬੰਦ ਕਰ ਦਿੱਤਾ ਹੈ। ਪਤਾ ਲੱਗਾ ਹੈ ਕਿ ਮੁਲਾਜ਼ਮਾਂ ਵੱਲੋਂ ਐਲਰਜੀ ਤੇ ਸ਼ਰੀਰ 'ਚ ਖੁਜਲੀ ਹੋਣ ਦੀ ਸ਼ਿਕਾਇਤ ਮਿਲ ਰਹੀ ਸੀ। ਇਸ ਪਿੱਛੋਂ ਏਮਜ਼ ਪ੍ਰਸ਼ਾਸਨ ਨੇ ਇਸ ਨੂੰ ਆਰਜ਼ੀ ਤੌਰ 'ਤੇ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਹਸਪਤਾਲ ਦੇ ਡਾਕਟਰ ਡਾ. ਡੀ ਕੇ ਸ਼ਰਮਾ ਨੇ ਕਿਹਾ ਕਿ ਹਾਲੇ ਤੱਕ ਕੋਈ ਅਜਿਹਾ ਅਧਿਐਨ ਸਾਹਮਣੇ ਨਹੀਂ ਆਇਆ, ਜਿਸ ਤੋਂ ਇਹ ਪਤਾ ਲੱਗੇ ਕਿ ਇਸ ਦੇ ਵਰਤਣ ਨਾਲ ਇਨਫੈਕਸ਼ਨ ਰੋਕਣ 'ਚ ਵਧੇਰੇ ਫ਼ਾਇਦਾ ਹੈ। ਜਿਨ੍ਹਾਂ ਦੇਸ਼ਾਂ 'ਚ ਪਹਿਲਾਂ ਇਸ ਦੀ ਵਰਤੋਂ ਹੋਈ, ਉਥੇ ਜਿਹੜੇ ਤੱਥ ਸਾਹਮਣੇ ਆਏ ਹਨ ਉਸ 'ਚ ਚਮੜੀ ਦੀ ਐਲਰਜੀ ਹੋਣ ਦੀ ਗੱਲ ਕਹੀ ਗਈ ਹੈ।

ਮਾਹਰਾਂ ਦੇ ਮੁਤਾਬਕ ਇਸ ਨਾਲ ਅੱਖਾਂ ਦੀ ਰੋਸ਼ਨੀ ਤੇ ਚਮੜੀ ਦੇ ਰੋਗ ਹੋ ਸਕਦੇ ਹਨ। ਸ੍ਰੀਨਗਰ ਦੇ ਮੇਅਰ ਜੁਨੈਦ ਮੱਟੂ ਨੇ ਕਿਹਾ ਕਿ ਡਾਕਟਰਾਂ ਦਾ ਕਹਿਣਾ ਹੈ ਕਿ ਟਨਲ 'ਚੋਂ ਲੰਘਦਿਆਂ ਅੱਖਾਂ ਬੰਦ ਕਰ ਲੈਣੀਆਂ ਚਾਹੀਦੀਆਂ ਹਨ। ਇਸੇ ਲਈ ਇਸ ਨੂੰ ਆਰਜ਼ੀ ਤੌਰ 'ਤੇ ਬੰਦ ਕੀਤਾ ਗਿਆ ਹੈ।

## ਪੱਛਮੀ ਬੰਗਾਲ ਦੇ ਦੋ ਲੱਖ ਪੰਡਿਤ ਬੇਰੁਜ਼ਗਾਰ

ਕੋਲਕਾਤਾ, 14 ਅਪ੍ਰੈਲ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਕਰੀਬ ਦੋ ਲੱਖ ਤੋਂ ਵੱਧ ਹਿੰਦੂ ਪੰਡਿਤ ਬੇਰੁਜ਼ਗਾਰ ਹੋ ਗਏ ਕਿਉਂਕਿ ਕੋਰੋਨਾ ਦੇ ਕਾਰਨ ਲੌਕਡਾਊਨ ਕਰਕੇ ਜਨਤਕ ਇਕੱਠਾਂ 'ਤੇ ਪਾਬੰਦੀ ਹੇਠ ਬਹੁਤੇ ਸਮਾਜਿਕ ਸਮਾਗਮ, ਪੂਜਾ-ਪਾਠ, ਹਵਨ ਯੱਗ ਅਤੇ ਧਾਰਮਿਕ ਸੰਮੇਲਨ ਰੱਦ ਹੋ ਗਏ ਜਾਂ ਅੱਗੇ ਪਾ ਦਿੱਤੇ ਗਏ ਹਨ। ਪੰਡਿਤਾਂ ਦੀ ਸੰਸਥਾ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਘਰਾਂ ਵਿੱਚ ਕੀਤੇ ਜਾਂਦੇ ਪੂਜਾ-ਪਾਠ, ਹਵਨ-ਯੋਗ ਆਦਿ ਰੱਦ ਕੀਤੇ ਜਾਣ ਅਤੇ ਵਿਆਹ-ਸ਼ਾਦੀਆਂ ਦੇ ਸਮਾਜਿਕ ਸਮਾਗਮ ਮੁਲਤਵੀ ਕੀਤੇ ਜਾਣ ਕਾਰਨ ਉਨ੍ਹਾਂ ਨੂੰ ਕੋਈ ਆਮਦਨ ਨਹੀਂ ਹੋ ਰਹੀ ਅਤੇ ਉਹ ਸੰਕਟ ਵਿੱਚ ਘਿਰ ਗਏ ਹਨ। ਇਸ ਰਾਜ ਵਿੱਚ ਹਿੰਦੂ ਪੰਡਿਤਾਂ ਦੀ ਸੰਸਥਾ ਪੱਛਮ ਬੰਗੋ ਸਨਾਤਨ ਬ੍ਰਾਹਮਣ ਟਰੱਸਟ ਦੇ ਬੁਲ-ਾਰੇ ਨੇ ਕਿਹਾ, ''ਜੇ ਅਗਲੇ ਕੁਝ ਮਹੀਨਿਆਂ ਦੌਰਾਨ ਜਨਤਕ ਇਕੱਠ ਰੋਕਣ ਲਈ ਕੋਈ ਪੂਜਾ ਜਾਂ ਹੋਰ ਧਾਰਮਿਕ ਸਮਾਗਮ ਨਾ ਹੋਏ ਤਾਂ ਪੰਡਿਤਾਂ ਦਾ ਗੁਜ਼ਾਰਾ ਕਿਵੇਂ ਹੋਵੇਗਾ।'' ਉਨ੍ਹਾਂ ਕਿਹਾ ਕਿ ਲੌਕਡਾਊਨ ਕਰਕੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਦੋ ਲੱਖ ਤੋਂ ਵੱਧ ਪੰਡਿਤ ਬੇਰੁਜ਼ਗਾਰ ਹੋ ਗਏ ਹਨ। ਸੰਸਥਾ ਨੇ ਫ਼ੈਸਲਾ ਕੀਤਾ ਹੈ ਕਿ ਉਹ ਸਰਕਾਰ ਤੋਂ ਮਦਦ ਲੈਣ ਲਈ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਪੱਤਰ ਲਿਖਣਗੇ। ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਪੰਡਿਤਾਂ ਦੀ ਆਮਦਨ ਦਾ ਕੋਈ ਹੋਰ ਸਾਧਨ ਨਹੀਂ ਹੈ ਤੇ ਉਹ ਆਪਣਾ ਗੁਜ਼ਾਰਾ ਵੱਖ-ਵੱਖ ਰੀਤੀ ਰਿਵਾਜ਼ਾਂ ਜਿਵੇਂ ਪੂਜਾ ਅਤੇ ਵਿਆਹਾਂ ਆਦਿ ਤੋਂ ਹੀ ਕਰਦੇ ਹਨ।

## ਸਿਰਫ ਗਰੀਬਾਂ ਦੇ ਟੈਸਟ ਹੋਣਗੇ ਮੁਫ਼ਤ: ਸੁਪਰੀਮ ਕੋਰਟ

ਨਵੀਂ ਦਿੱਲੀ, 14 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਦੇ ਟੈਸਟ ਮੁਫ਼ਤ ਕਰਵਾਉਣ ਦੇ ਆਪਣੇ ਪੁਰਾਣੇ ਹੁਕਮ ਨੂੰ ਸੁਪਰੀਮ ਕੋਰਟ ਨੇ ਕੱਲ੍ਹ ਬਦਲ ਦਿੱਤਾ ਤੇ ਇਸ ਸਹੂਲਤ ਨੂੰ ਸਿਰਫ਼ ਗ਼ਰੀਬ ਵਰਗਾਂ ਤੱਕ ਸੀਮਤ ਕਰ ਦਿੱਤਾ ਹੈ।



ਸੁਪਰੀਮ ਕੋਰਟ ਦੇ ਨਵੇਂ ਹੁਕਮ ਮੁਤਾਬਕ ਗ਼ਰੀਬੀ ਰੇਖਾ ਤੋਂ ਹੇਠਾਂ, ਈ ਡਬਲਿਓ ਐਸ ਅਤੇ ਆਯੂਸ਼ਮਾਨ ਇੰਡੀਆ ਦੇ ਮਰੀਜ਼ਾਂ ਲਈ ਟੈਸਟਿੰਗ ਮੁਫ਼ਤ ਹੋਵੇਗੀ। ਪਹਿਲਾਂ ਸੁਪਰੀਮ ਕੋਰਟ ਨੇ ਫ਼ੈਸਲਾ ਦਿੱਤਾ ਸੀ ਕਿ ਕੋਰੋਨਾ ਵਾਇਰਸ ਟੈਸਟ ਸਾਰਿਆਂ ਲਈ ਸਰਕਾਰੀ ਜਾਂ ਨਿੱਜੀ ਲੈਬ 'ਚ ਮੁਫ਼ਤ ਹੋਵੇਗਾ। ਇਸ ਹੁਕਮ ਤੋਂ ਬਾਅਦ ਇੱਕ ਡਾਕਟਰ ਨੇ ਅਪੀਲ ਕੀਤੀ ਕਿ ਇਸ ਹੁਕਮ 'ਤੇ ਮੁੜ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਤੇ ਸਿਰਫ਼ ਗ਼ਰੀਬਾਂ ਦੀ ਮੁਫ਼ਤ ਜਾਂਚ ਕੀਤੀ ਜਾਣੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਸਿਰਫ਼ ਕੋਰੋਨਾ ਵਾਇਰਸ ਦੀ ਜਾਂਚ ਸਿਰਫ਼ ਐਨ ਏ ਬੀ ਐਲ ਤੋਂ ਮਾਨਤਾ ਪ੍ਰਾਪਤ ਲੈਬਾਂ ਜਾਂ ਵਿਸ਼ਵ ਸਿਹਤ ਸੰਗਠਨ ਅਤੇ ਐਈ ਸੀ ਐਮ ਆਰ (ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ) ਤੋਂ ਮਨਜ਼ੂਰੀ ਪ੍ਰਾਪਤ ਕਿਸੇ ਏਜੰਸੀ ਰਾਹੀਂ ਹੋਣੀ ਚਾਹੀਦੀ ਹੈ।

## ਕੋਰੋਨਾ ਨਾਲ ਜੰਗ ਜਿੱਤ ਚੁੱਕਾ ਵਿਅਕਤੀ ਆਪਣਿਆਂ ਤੋਂ ਦੁਖੀ

ਸ਼ਿਵਪੁਰੀ, 14 ਅਪ੍ਰੈਲ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਜ਼ਿਲੇ ਦਾ ਇੱਕ ਨੌਜਵਾਨ ਕੋਰੋਨਾ ਵਰਗੀ ਮਹਾਮਾਰੀ ਤੋਂ ਜਿੱਤਣ ਵਿੱਚ ਕਾਮਯਾਬ ਰਿਹਾ, ਪਰ ਗੁਆਂਢ ਦੇ ਤਾਅਨਿਆਂ ਤੋਂ ਪ੍ਰੇਸ਼ਾਨ ਹੈ। ਉਹ ਕਿਤੇ ਹੋਰ ਚਲਾ ਜਾਣਾ ਚਾਹੁੰਦਾ ਹੈ। ਨੌਜਵਾਨ ਨੇ ਆਪਣਾ ਮਕਾਨ ਵੇਚਣ ਦੇ ਲਈ ਬੈਨਰ ਤੱਕ ਟੰਗ ਦਿੱਤਾ ਹੈ। ਸ਼ਿਵਪੁਰੀ ਜ਼ਿਲੇ ਦੇ ਕੋਰੋਨਾ ਦਾ ਪਹਿਲਾ ਮਰੀਜ਼ ਰਾਜੀਵ (ਨਕਲੀ ਨਾਂਅ) ਆਪਣੀ ਹਿੰਮਤ ਦੇ ਦਮ 'ਤੇ ਕੋਰੋਨਾ ਨਾਲ ਜੰਗ ਜਿੱਤ ਗਿਆ, ਪਰ ਆਪਣੇ ਗੁਆਂਢੀਆਂ ਅਤੇ ਨਜ਼ਦੀਕੀਆਂ ਦੇ ਦੁਰਵਿਹਾਰ ਅਤੇ ਬੁਰੇ ਵਤੀਰੇ ਕਾਰਨ ਉਸ ਦੀ ਹਿੰਮਤ ਟੁੱਟ ਚੁੱਕੀ ਹੈ। ਨੌਜਵਾਨ ਆਪਣਾ ਘਰ ਵੇਚ ਕੇ ਪਰਵਾਰ ਦੇ ਨਾਲ ਕਿਤੇ ਹੋਰ ਜਾ ਕੇ ਵੱਸਣ ਦੀ ਸੋਚ ਰਿਹਾ ਹੈ। ਉਸ ਨੇ ਆਪਣੇ ਘਰ 'ਤੇ ਬੋਰਡ ਵੀ ਲਗਾ ਦਿੱਤਾ ਹੈ ਕਿ 'ਇਹ ਮਕਾਨ ਵਿਕਾਊ ਹੈ'। ਰਾਜੀਵ ਦੇ ਪਿਤਾ ਦਾ



ਕਹਿਣਾ ਹੈ ਕਿ ਗੁਆਂਢੀ ਉਨ੍ਹਾਂ ਦੇ ਘਰ ਵੱਲ ਨਾ ਸਬਜ਼ੀ ਵਾਲੀ ਤੇ ਨਾ ਦੁੱਧ ਵਾਲੇ ਨੂੰ ਆਉਣ ਦੇਂਦੇ ਹਨ। ਰਾਤ ਵੇਲੇ ਕੁਝ ਲੋਕ ਉਨ੍ਹਾਂ ਦੇ ਘਰ ਦਾ ਦਰਵਾਜ਼ਾ ਖੜਕਾ ਕੇ ਗਾਲੀ ਗਲੋਚ ਕਰ ਕੇ ਉਨ੍ਹਾਂ ਨੂੰ ਘਰ ਖਾਲੀ ਕਰ ਕੇ ਇਥੋਂ ਚਲੇ ਜਾਣ ਲਈ ਮਜਬੂਰ ਕਰਦੇ ਹਨ। ਲੋਕ ਸਮਾਜਕ ਦੂਰੀ ਦੇ ਬਜਾਏ ਠੀਕ ਹੋ ਚੁੱਕੇ ਇਨਸਾਨ ਤੋਂ ਭਾਵਨਾਤਮਕ ਦੂਰੀ ਬਣਾਉਣ ਲੱਗੇ ਹਨ, ਜੋ ਇਨਫੈਕਸ਼ਨ ਤੋਂ ਜ਼ਿਆਦਾ ਖਤਰਨਾਕ ਸਾਬਤ ਹੋਵੇਗਾ।


ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060

ਹੈਲਪਰ ਦੀ ਲੋੜ ਹੈ

Construction Company
FULL TIME WORK
416-618-3358 | 905-789-7783
ਜਾਂ ਫਿਰ ਈਮੇਲ ਕਰੋ: northyorkkitchen@gmail.com








## ਤਿੰਨ ਹਫਤਿਆਂ ਤੋਂ ਦੁਬਈ ਏਅਰਪੋਰਟ ਉੱਤੇ ਫਸੇ 19 ਭਾਰਤੀ



ਦੁਬਈ, 14 ਅਪ੍ਰੈਲ (ਪੋਸਟ ਬਿਊਰੋ)- ਸੰਸਾਰਕ ਮਹਾਮਾਰੀ ਕੋਰੋਨਾ ਨਾਲ ਨਜਿੱਠਣ ਲਈ ਕੌਮਾਂਤਰੀ ਉਡਾਣਾਂ ਬੰਦ ਹੋਣ ਨਾਲ ਦੁਬਈ ਦੇ ਹਵਾਈ ਅੱਡੇ 'ਤੇ 19 ਭਾਰਤੀ ਨਾਗਰਿਕ ਪਿਛਲੇ ਤਿੰਨ ਹਫਤਿਆਂ ਤੋਂ ਫਸੇ ਹਨ। ਇਨ੍ਹਾਂ ਵਿੱਚੋਂ ਕਈਆਂ ਨੇ ਯੂਰਪ ਤੋਂ ਭਾਰਤ ਪਹੁੰਚਣ ਲਈ ਦੁਬਈ ਰੂਟ ਤੋਂ ਫਲਾਈਟ ਬੁੱਕ ਕਰਵਾਈ ਸੀ, ਪਰ ਯਾਤਰਾ ਉਤੇ ਰੋਕ ਲੱਗ ਜਾਣ ਕਾਰਨ ਅਜੇ ਤੱਕ ਆਪਣੇ ਵਤਨ ਨਹੀਂ ਪਹੁੰਚ ਸਕੇ।

ਇਨ੍ਹਾਂ ਵਿੱਚ ਦੀਪਕ ਗੁਪਤਾ ਵੀ ਹਨ, ਜਿਨ੍ਹਾਂ ਨੂੰ 18 ਮਾਰਚ ਤੋਂ ਏਅਰਪੋਰਟ ਕੰਪਲੈਕਸ ਵਿੱਚ ਸਮਾਂ ਗੁਜਾਰਨਾ ਪੈ ਰਿਹਾ ਹੈ। ਸਾਰੇ 19 ਭਾਰਤੀਆਂ ਨੂੰ ਦੁਬਈ ਇੰਟਰਨੈਸ਼ਨਲ ਏਅਰਪੋਰਟ ਹੋਟਲ ਵਿੱਚ ਠਹਿਰਾਇਆ ਗਿਆ ਹੈ। ਇਨ੍ਹਾਂ ਵਿੱਚੋਂ ਇੱਕ ਯਾਤਰੀ ਯੂ ਏ ਈ ਦੇ ਵੀਜ਼ਾਧਾਰਕ ਅਰੁਣ ਸਿੰਘ (37) ਹਨ, ਜੋ ਇਥੇ ਇੱਕ ਬੈਂਕ ਵਿੱਚ ਕੰਮ ਕਰਦੇ ਹਨ। 22 ਮਾਰਚ ਨੂੰ ਸਵੇਰੇ ਅਹਿਮਦਾਬਾਦ ਪਹੁੰਚਣ ਵਾਲੀ ਫਲਾਈਟ ਨਹੀਂ ਫੜ ਸਕਣ ਦੇ ਬਾਅਦ ਉਨ੍ਹਾਂ ਨੂੰ ਵੀ ਹੋਟਲ ਵਿੱਚ ਰੱਖਿਆ ਗਿਆ ਹੈ। ਵੀਜ਼ਾ ਖਤਮ ਹੋਣ ਦੇ ਕਾਰਨ ਉਹ ਏਅਰਪੋਰਟ ਕੰਪਲੈਕਸ ਤੋਂ ਬਾਹਰ ਨਹੀਂ ਨਿਕਲ ਪਾ ਰਹੇ।

# ਅਮਰੀਕੀ ਦਵਾ ਕੰਪਨੀ ਬਾਇਓਜਾਨ ਗਲਤੀ ਨਾਲ ਕੋਰੋਨਾ ਦੀ ਮਾਸ ਸਪ੍ਰੈਡਰ ਬਣ ਗਈ

ਫਾਰਾਹ ਸਟਾਕਮੈਨ, 14 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਇਸ ਸਮੇਂ ਪੂਰੀ ਦੁਨੀਆ ਦੇ ਲਈ ਚੁਣੌਤੀ ਹੈ। ਲੋਕਾਂ ਦੀ ਸਿਹਤ ਦੇ ਨਾਲ ਇਹ ਸੰਸਾਰਕ ਅਰਥ ਵਿਵਸਥਾ ਲਈ ਵੀ ਖਤਰਨਾਕ ਸਾਬਿਤ ਹੋਈ ਹੈ। ਦਵਾ ਕੰਪਨੀਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਵੈਕਸੀਨ ਜਾਂ ਦਵਾ ਨਾਲ ਇਸ ਸਮੱਸਿਆ ਦਾ ਹੱਲ ਕੱਢਣ, ਪਰ ਅਮਰੀਕਾ ਦੀ ਇੱਕ ਦਵਾ ਕੰਪਨੀ ਇਸ ਮਹਾਮਾਰੀ ਨੂੰ ਫੈਲਾਉਣ ਵਿੱਚ ਆਪਣੇ ਯੋਗਦਾਨ ਲਈ ਜਾਣੀ ਜਾ ਰਹੀ ਹੈ।

ਬਾਇਓਜੇਨ ਨਾਂਅ ਦੀ ਇਸ ਕੰਪਨੀ ਨੇ ਪਿੱਛੇ ਜਿਹੇ ਅਲਜ਼ਾਈਮਰ ਦੀ ਨਵੀਂ ਦਵਾ ਲਾਂਚ ਕੀਤੀ ਹੈ। ਇਹ ਕਾਫੀ ਸਫਲ ਵੀ ਰਹੀ ਸੀ। ਮਾਰਚ ਦੇ ਸ਼ੁਰੂ ਵਿੱਚ ਬਾਇਓਜੇਨ ਦੇ ਸੀ ਈ ਓ ਇਸ ਗੱਲਤੋਂ ਖੁਸ਼ ਸਨ ਕਿ ਕੰਪਨੀ ਦਾ ਰੈਵੇਨਿਊ ਆਪਣੇ ਉਚ ਪੱਧਰ ਦੇ ਨੇੜੇ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਕੋਰੋਨਾ ਦੀ ਮਹਾਮਾਰੀ ਦੇ ਕਾਰਨ ਉਨ੍ਹਾਂ ਦੀ ਕੰਪਨੀ 'ਤੇ ਵੀ ਅਸਰ ਪਵੇਗਾ, ਉਨ੍ਹਾਂ ਨੇ ਨਾ ਵਿੱਚ ਜਵਾਬ ਦਿੱਤਾ ਸੀ, ਪਰ ਜਲਦੀ ਹੀ ਪਤਾ ਲੱਗਾ ਕਿ ਬਾਇਓਜੇਨ ਅਮਰੀਕਾ ਦੇ ਘੱਟੋ ਘੱਟ ਛੇ



ਰਾਜਾਂ ਵਿੱਚ ਇਸ ਮਹਾਮਾਰੀ ਨੂੰ ਫੈਲਾਉਣ ਵਾਲੀ ਸੀ। ਬਾਇਓਜੇਨ ਨੇ ਫਰਵਰੀ ਦੇ ਅੰਤ ਵਿੱਚ ਬੋਸਟਨ ਵਿੱਚ ਸੀਨੀਅਰ ਐਗਜ਼ੀਕਿਊਟਿਵਸ ਦੀ ਮੀਟਿੰਗ ਕੀਤੀ ਤਾਂ ਇਸ ਵਿੱਚ ਕੰਪਨੀ ਦੇ ਕਈ ਅਧਿਕਾਰੀ ਸ਼ਾਮਲ ਹੋਏ ਸਨ। ਉਸ ਮੀਟਿੰਗ ਵਿੱਚ ਮੌਜੂਦ ਕਿਸੇ ਵਿਅਕਤੀ ਨੂੰ ਕੋਰੋਨਾ ਇਨਫੈਕਸ਼ਨ ਸੀ। ਉਸ ਤੋਂ ਇਹ ਹੋਰਨਾਂ ਵਿੱਚ ਫੈਲੀ। ਮਾਹਰ ਦੱਸਦੇ ਹਨ ਕਿ ਓਦੋਂ ਤੱਕ ਅਮਰੀਕਾ ਵਿੱਚ ਹੱਥ ਮਿਲਾਉਣ ਜਾਂ ਚੁੰਮਣ 'ਤੇ ਖਾਸ ਪਾਬੰਦੀ ਨਹੀਂ ਸੀ। ਇਸ ਤੋਂ ਇਹ ਵਾਇਰਸ ਇੱਕ ਜਣੇ ਤੋਂ ਕਈ ਲੋਕਾਂ ਵਿੱਚ ਫੈਲਿਆ। ਮੀਟਿੰਗ ਦੇ ਬਾਅਦ ਇਹ ਅਧਿਕਾਰੀ ਹਵਾਈ ਯਾਤਰਾ ਰਾਹੀਂ ਵੱਖ-ਵੱਖ ਰਾਜਾਂ ਵਿੱਚ ਗਏ। ਇਸ ਤੋਂ ਉਨ੍ਹਾਂ ਜਹਾਜ਼ਾਂ ਵਿਚਲੇ ਹੋਰਨਾਂ ਯਾਤਰੀਆਂ ਤੱਕ ਇਹ ਵਾਇਰਸ ਫੈਲਿਆ ਹੀ ਨਾਲ ਹੀ ਉਨ੍ਹਾਂ ਅਧਿਕਾਰੀਆਂ ਦੇ ਪਰਵਾਰ ਦੇ ਕਈ ਮੈਂਬਰ ਵੀ ਇਨਫੈਕਟਿਡ ਹੋਏ।

ਰਿਪੋਰਟ ਮੁਤਾਬਕ ਇਸ ਮੀਟਿੰਗ ਵਿੱਚ ਸ਼ਾਮਲ ਹੋਏ ਲੋਕਾਂ ਦੇ ਜ਼ਰੀਏ ਇਨਫੈਕਟਿਡ ਹੋਣ ਵਾਲੇ 99 ਲੋਕਾਂ ਦੀ ਪਛਾਣ ਹੋਈ ਹੈ। ਇਨ੍ਹਾਂ 99 ਲੋਕਾਂ ਵਿੱਚ ਅਧਿਕਾਰੀ ਸ਼ਾਮਲ ਹਨ, ਜੋ ਇਨ੍ਹਾਂ ਦੇ ਸਿੱਧੇ ਸੰਪਰਕ ਵਿੱਚ ਸਨ। ਬਾਹਰ ਦੇ ਕਿੰਨੇ ਲੋਕਾਂ ਤੱਕ ਉਨ੍ਹਾਂ ਦੇ ਜ਼ਰੀਏ ਵਾਇਰਸ ਫੈਲਿਆ, ਇਸ ਦੀ ਟ੍ਰੇਸਿੰਗ ਅਜੇ ਜਾਰੀ ਹੈ।

ਨਿਊ ਯਾਰਕ ਟਾਈਮਜ਼ ਨੇ ਇਸ ਕਲਸਟਰ ਨਾਲ ਇਨਫੈਕਟਿਡ ਹੋਏ ਜਿੰਨੇ ਲੋਕਾਂ ਨਾਲ ਸੰਪਰਕ ਕੀਤਾ ਉਨ੍ਹਾਂ ਤੋਂ ਜ਼ਿਆਦਾਤਰ ਰਿਕਵਰ ਹੋ ਚੁੱਕੇ ਹਨ। ਇਹ ਕਹਿਣਾ ਮੁਸ਼ਕਲ ਹੈ ਕਿ ਕਿੰਨੇ ਲੋਕ ਗੰਭੀਰ ਬਿਮਾਰ ਪਏ ਤੇ ਕਿੰਨੇ ਲੋਕਾਂ ਨੇ ਜਾਨ ਗਵਾਈ ਹੈ। ਫਰਵਰੀ ਦੇ ਅੰਤ ਵਿੱਚ ਇਹ ਮੀਟਿੰਗ ਕਰਨ ਲਈ ਬਾਇਓਜੇਨ ਦੀ ਆਲੋਚਨਾ ਹੋ ਰਹੀ ਹੈ। ਤਦ ਤੱਕ ਕੋਰੋਨਾ ਯੂਰਪ ਤੱਕ ਪਹੁੰਚ ਚੁੱਕੀ ਸੀ। ਇਸ ਮੀਟਿੰਗ ਵਿੱਚ ਯੂਰਪ ਤੋਂ ਵੀ ਕਈ ਪ੍ਰਤੀਨਿਧੀ ਸ਼ਾਮਲ ਹੋਏ ਸਨ।

## ਕੀਮੋਥੈਰੇਪੀ ਲਈ ਪਤਨੀ ਨੂੰ 130 ਕਿਲੋਮੀਟਰ ਸਾਈਕਲ ਉਤੇ ਹਸਪਤਾਲ ਲੈ ਗਿਆ ਬਜ਼ੁਰਗ

ਚੇਨਈ, 14 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਨਾਲ ਜੰਗ ਲਈ ਲਾਕਡਾਊਨ ਚੱਲਦੇ ਦੌਰਾਨ ਕੁਝ ਅਜਿਹੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ, ਜੋ ਦੇਰ ਤੱਕ ਯਾਦ ਰਹਿਣਗੀਆਂ।

ਤਾਮਿਲ ਨਾਡੂ ਦੇ ਬਜ਼ੁਰਗ ਦਿਹਾੜੀਦਾਰ ਮਜ਼ਦੂਰ ਦੀ ਕਹਾਣੀ ਦਿਲ ਨੂੰ ਛੂਹਣ ਵਾਲੀ ਹੈ। 65 ਸਾਲ ਉਮਰ ਦੇ ਅਰੀਵਾਝਗਨ ਅਸਲ ਵਿੱਚ ਕੁੰਭਾਕੋਨਾ ਜ਼ਿਲੇ ਦੇ ਰਹਿਣ ਵਾਲੇ ਹਨ। ਉਨ੍ਹਾਂ ਦੀ ਪਤਨੀ 60 ਸਾਲਾ ਮੰਜੁਲਾ ਕੈਂਸਰ ਦੀ ਮਰੀਜ਼ ਹੈ। ਮੰਜੁਲਾ ਦੀ ਕੀਮੋਥੈਰੇਪੀ ਹੋਣੀ ਸੀ,



ਪਰ ਅਰੀਵਾਝਗਨ ਕੋਲ ਪਤਨੀ ਨੂੰ ਪੁੱਡੂਚੇਰੀ ਹਸਪਤਾਲ ਲਿਜਾਣ ਲਈ ਕੋਈ ਸਾਧਨ ਨਹੀਂ ਸੀ। ਅਰੀਵਾਝਗਨ ਨੇ ਪਤਨੀ ਨਾਲ 130 ਕਿਲੋਮੀਟਰ ਦਾ ਸਫਰ ਸਾਈਕਲ 'ਤੇ ਕਰਨ ਦਾ ਫੈਸਲਾ ਕੀਤਾ। ਉਸ ਨੇ ਪਤਨੀ ਨੂੰ ਸਾਈਕਲ ਦੇ ਕੈਰੀਅਰ 'ਤੇ ਬਿਠਾ ਕੇ ਆਪਣੇ ਨਾਲ ਬੰਨ੍ਹ ਲਿਆ। ਉਸ ਨੇ ਅਜਿਹਾ ਇਸ ਲਈ ਕੀਤਾ ਕਿ ਸਾਈਕਲ ਤੇਜ਼ ਚਲਾਉਣ ਨਾਲ ਪਤਨੀ ਡਿੱਗ ਨਾ ਜਾਵੇ। ਅਰੀਵਾਝਗਨ ਅਤੇ ਮੰਜੁਲਾ ਸਵੇਰੇ ਪੌਣੇ ਪੰਜ ਵਜੇ ਚੱਲੇ ਅਤੇ ਰਾਤ 10-15 ਵਜੇ ਪੁੱਡੂਚੇਰੀ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਸਿਰਫ ਦੋ ਘੰਟਿਆਂ ਦਾ ਬ੍ਰੇਕ ਲਿਆ।

ਸਾਈਕਲ 'ਤੇ ਇੰਨਾ ਲੰਬਾ ਸਫਰ ਕਰਨ ਪਿੱਛੋਂ ਬਜ਼ੁਰਗ ਜੋੜੇ ਨੂੰ ਹਸਪਤਾਲ ਪਹੁੰਚਣ 'ਤੇ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਪਤਾ ਲੱਗਾ ਕਿ ਕੋਵਿਡ-19 ਦੇ ਕਾਰਨ ਹਸਪਤਾਲ ਦੀ ਓ ਪੀ ਡੀ ਅਤੇ ਕੈਂਸਰ ਸੈਂਟਰ ਬੰਦ ਕਰ ਦਿੱਤੇ ਗਏ ਹਨ, ਪਰ ਜਦੋਂ ਹਸਪਤਾਲ ਦੇ ਅਧਿਕਾਰੀਆਂ ਨੂੰ ਬਜ਼ੁਰਗ ਜੋੜੇ ਦੀ ਕਹਾਣੀ ਪਤਾ ਲੱਗੀ ਤਾਂ ਉਨ੍ਹਾ ਨੇ ਮੰਜੁਲਾ ਦੀ ਕੀਮੋਥੈਰੇਪੀ ਕੀਤੀ ਅਤੇ ਆਪਣੇ ਕੋਲੋਂ ਪੈਸੇ ਇਕੱਠੇ ਕਰ ਕੇ ਉਸ ਨੂੰ ਦਿੱਤੇ ਅਤੇ ਨਾਲ ਹੀ ਉਸ ਨੂੰ ਇੱਕ ਮਹੀਨੇ ਦੀ ਦਵਾਈ ਵੀ ਦਿੱਤੀ। ਇਹ ਆਪਣੇ ਆਪ ਵਿੱਚ ਮਿਸਾਲ ਹੈ।

## ਹੱਜ ਦਾ ਪੈਸਾ ਦੇਸ਼ ਸੇਵਾ ਵਿੱਚ ਲਾਓ, ਵੱਧ ਪੁੰਨ ਮਿਲੇਗਾ: ਮੁਸਲਿਮ ਆਗੂ

ਨਵੀਂ ਦਿੱਲੀ, 14 ਅਪ੍ਰੈਲ (ਪੋਸਟ ਬਿਊਰੋ)- ਮਹਾਮਾਰੀ ਕੋਰੋਨਾ ਦੇ ਖ਼ਿਲਾਫ਼ ਜਾਰੀ ਜੰਗ ਦੌਰਾਨ ਮੁਸਲਮ ਧਰਮ ਗੁਰੂਆਂ ਤੇ ਸਮਾਜ ਸੇਵੀਆਂ ਨੇ ਚੰਗੀ ਪਹਿਲ ਕੀਤੀ ਸੀ। ਉਨ੍ਹਾਂ ਨੇ ਮੁਸਲਮ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਹੱਜ ਲਈ ਜੋੜੇ ਪੈਸੇ ਦੇਸ਼ ਸੇਵਾ 'ਚ ਲਾਉਣ। ਉਨ੍ਹਾਂ ਮੁਤਾਬਕ ਇਹੀ ਸਹੀ ਅਰਥਾਂ 'ਚ ਦੇਸ਼ ਅਤੇ ਸਮਾਜ ਦੀ ਸੇਵਾ ਹੋਵੇਗੀ ਤੇ ਇਸ ਨਾਲ ਪਵਿੱਤਰ ਯਾਤਰਾ ਹੱਜ ਤੋਂ ਕਿਤੇ ਵੱਧ ਪੁੰਨ ਮਿਲੇਗਾ। ਅਸਲ ਵਿੱਚ ਇਸ ਸੰਕਟ ਦੀ ਘੜੀ ਜੰਮੂ-ਕਸ਼ਮੀਰ ਦੀ ਖਾਲਿਦਾ ਬੇਗ਼ਮ ਨੇ ਸਭ ਦੇ ਸਾਹਮਣੇ ਸ਼ਾਨਦਾਰ ਮਿਸਾਲ ਪੇਸ਼ ਕੀਤੀ ਹੈ। ਉਨ੍ਹਾਂ ਨੇ ਹੱਜ ਯਾਤਰਾ ਲਈ ਇਕੱਠੇ ਕੀਤੇ ਪੰਜ ਲੱਖ ਰੁਪਏ ਸੇਵਾ ਕਾਰਜਾਂ ਲਈ ਰਾਸ਼ਟਰੀ ਸਵੈ ਸੇਵਕ ਸੰਘ (ਆਰ ਐੱਸ ਐੱਸ) ਦੇ ਸੰਗਠਨ ਸੇਵਾ ਭਾਰਤੀ ਨੂੰ ਦਾਨ ਕਰ ਦਿੱਤੇ ਹਨ। ਸ਼ਿਆ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਮੋਹਸਿਨ ਤਕਵੀ ਖਾਲਿਦਾ ਬੇਗ਼ਮ ਤੋਂ ਕਾਫ਼ੀ ਪ੍ਰਭਾਵਿਤ ਹੋਏ। ਉਨ੍ਹਾਂ ਨੇ ਕਿਹਾ ਕਿ ਇਸ ਬਜ਼ੁਰਗ ਔਰਤ ਨੇ ਹੱਜ ਲਈ ਰੱਖੇ ਪੈਸੇ ਦਾਨ ਕਰਕੇ ਮਿਸਾਲ ਕਾਇਮ ਕੀਤੀ ਹੈ। ਹੱਜ ਉੱਤੇ ਜਾ ਕੇ ਜਿੰਨਾ ਉਨ੍ਹਾਂ ਨੂੰ ਪੁੰਨ ਮਿਲਦਾ, ਉਸ ਤੋਂ ਕਿਤੇ ਵੱਧ ਲੋਕਾਂ ਦੀ ਸੇਵਾ ਨਾਲ ਮਿਲੇਗਾ। ਅਸੀਂ ਅਪੀਲ ਕਰਦੇ ਹਾਂ ਕਿ ਲੋਕ ਇਸ ਪੁੰਨ ਦੇ ਕਾਰਜ ਲਈ ਅੱਗੇ ਆਉਣ।



ਕੈਨੇਡੀਅਨ **ਪੰਜਾਬੀ ਪੋਸਟ**

Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ

ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ

### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।

ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।

ਹੋਰ ਜਾਣਕਾਰੀ ਲਈ ਕਾਲ ਕਰੋ। **416-726-9409** **647-208-7011**

CALL TODAY FOR ANY CLASSIFIED OR MATRIMONIAL AD !!!

905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514

8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ

ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:

**647.898.4042/416.505.6857**

(Call from 9am to 6pm)

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

**Call : 416- 268-9952**

70 Delta Park Blvd, Unit # 4, Brampton

## Call for Free Estimates

A-1 RENOVATION GTA INC

416-456-1462

OVER 15 YEARS OF SERVICE

Professionals in Completing Basements within 3 Weeks

info@a1renovationgta.com

www.a1renovationgta.com

$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.

22 Listcreek Road, Brampton L6p 2n6

## Security Jobs - Security Guard Training - Licensing

GF1

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-

**We Also Provide All Level's of First Aid & CPR Training**

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)

**647-710-7760**

Email: info@gf1security.com

1085 Bellamy Rd (N) Unit #210 Scarbrough (Toronto)

**647-929-7736**

Web: www.gf1security.com

REVIVE EMS · CANADIAN RED CROSS Training Partner

## CELLNTELL DISTRIBUTION INC

### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

**Looking for Experienced:**

- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011 Monday-Friday (10am to 5:30pm)

6630 Tomken Rd., Mississauga, L5T 1N1

HOMELIFE SILVERCITY Realty Inc. Brokerage

Kulwinder Chhina

SALES REPRESENTATIVE

647.293.2327

www.Kulwinderchhina.com



## PESTAGON Ltd

PEST CONTROL SERVICES

* RESIDENTIAL * COMMERCIAL

LICENCED BY GOVERNMENT
INSURED & BONDED
EVERY SERVICE
WITH WARRANTY
SERVING GTA

CALL: 905-463-2153

Ants. Wasp. Centepede. Fleas. Bed Bugs

## RESIDENTIAL - COMMERCIAL PROPERTY - INDUSTRIAL



KARAM SINGH PUNIAN

Sales Representative

For all your Real Estate Need Call

**416.262.2600**

Email: karampunian@gmail.com

HomeLife Maple Leaf Realty Ltd.
80 Eastern Ave, Brampton, ON
Tel: 905.456.9090

## ਲੜਕੀ ਦੀ ਲੋੜ

ਰਾਮਗੜ੍ਹੀਆ ਅੰਮ੍ਰਿਤਧਾਰੀ ਲੜਕਾ 6'-2"/24-08-1995 ਕੈਨੇਡਾ ਪੀ ਆਰ ਲਈ ਗੁਰਸਿੱਖ ਲੜਕੀ ਦੀ ਜਰੂਰਤ ਸਟੂਡੈਂਟ/ਵਰਕ ਪਰਮਿਟ ਸੰਪਰਕ ਕਰ ਸਕਦੇ। ਵਟਸਪ ਨੰਬਰ +1-778-237-0011 +91-98150-44205

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)





## Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ

ਕਾਲ ਕਰੋ: 905-793-2202

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

" Seeking suitable match for Jat Sikh Canadian citizen , Clean Shaven Handsome Boy. He is 1988 born, 5' 11" tall, slim built and a Non-Vegetarian with a charming personality. He is a Chemical Engineer by profession and working in GTA. Chaste no bar. Please contact with details to 647-818-9481 or email rbains1976@gmail.com. "

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943


Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

## UPPAL LAW



AVTAR UPPAL
Manager

### IMMIGRATION SERVICES

- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

### OTHER PRACTICES

- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

**Tel: 905-500-1507**

351 Parkhurst Square, # 16, Brampton,ON L6T 0C2, Fax: 905-672-7848

* PRIOR APPOINTMENT NECESSARY

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

## STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



**416.230.4000 • 647.409.1092**

www.STARLANEPAINTING.com

ਹਰਜੀਤ ਧਨੋਆ

